# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 3 (ਐਜੂਕੇਸ਼ਨ) ਸਮੈਸਟਰ ਛੇਵਾਂ

ਪੇਪਰ : ਸੈਕੰਡਰੀ ਸਿੱਖਿਆ : ਅਰਥ ਤੇ ਸਮੱਸਿਆਵਾਂ ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.

2.1 ਬਾਲਗ ਤੇ ਨਿੰਰਤਰ ਸਿੱਖਿਆ : ਉਦੇਸ਼ ਤੇ ਸਮੱਸਿਆਵਾਂ

2.2 ਸਮਾਜ ਦੇ ਕਮਜ਼ੋਰ ਵਰਗਾਂ ਦੀ ਸਿੱਖਿਆ :
ਸਮੱਸਿਆਵਾਂ ਤੇ ਸੰਭਾਵਨਾਵਾਂ

2.3 ਇਸਤਰੀਆਂ ਦੀ ਸਿੱਖਿਆ : ਜ਼ਰੂਰਤ, ਮਹੱਤਤਾ ਅਤੇ ਪੱਧਰ

2.4 ਵਿਸ਼ਵੀਕਰਨ ਲਈ ਸਿੱਖਿਆ

2.5 ਨਿੱਜੀਕਰਨ ਲਈ ਸਿੱਖਿਆ

**Department website : www.pbidde.org**

ਪਾਠ ਨੰ: 2.1 ਲੇਖਕ : ਡਾ. ਪੁਸ਼ਪਿੰਦਰ ਕੌਰ

## ਪਾਠ ਦੀ ਬਣਤਰ

2.1.1 ਉਦੇਸ਼
2.1.2 ਭੂਮਿਕਾ
2.1.3 ਬਾਲਗ ਸਿੱਖਿਆ ਦਾ ਸੰਕਲਪ
2.1.4 ਬਾਲਗ ਸਿੱਖਿਆ ਦੇ ਉਦੇਸ਼
2.1.5 ਬਾਲਗ ਸਿੱਖਿਆ ਦੀਆਂ ਸਮੱਸਿਆਵਾਂ
2.1.6 ਨਿਰੰਤਰ ਸਿੱਖਿਆ
2.1.7 ਸਾਰ
2.1.8 ਸੁਝਾਏ ਪ੍ਰਸ਼ਨ
2.1.9 ਸੁਝਾਈਆਂ ਪੁਸਤਕਾਂ

### 2.1.1 ਉਦੇਸ਼ :

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਸਮਝ ਜਾਣਗੇ ਕਿ :

(i) ਬਾਲਗ ਸਿੱਖਿਆ ਕਿਸ ਨੂੰ ਕਹਿੰਦੇ ਹਨ।
(ii) ਬਾਗਲ ਸਿੱਖਿਆ ਦੇ ਉਦੇਸ਼ ਆਮ ਵਿਅਕਤੀ ਲਈ ਕੀ ਹਨ।
(iii) ਬਾਲਗ ਸਿੱਖਿਆ ਦੇ ਰਾਹ ਵਿੱਚ ਕਿਹੜੀਆਂ-ਕਿਹੜੀਆਂ ਵੱਡੀਆਂ ਰੁਕਾਵਟਾਂ ਹਨ।
(iv) ਨਿਰੰਤਰ ਸਿੱਖਿਆ ਕੀ ਹੈ।

### 2.1.2 ਭੂਮਿਕਾ :

1947 ਤੋਂ 1952 ਦੇ ਸਮੇਂ ਨੂੰ ਬਾਲਗ ਸਿੱਖਿਆ ਲਹਿਰ ਮੰਨਿਆ ਜਾ ਸਕਦਾ ਹੈ। ਸਿੱਖਿਆ ਦੇ ਕੇਂਦਰੀ ਸਲਾਹਕਾਰ ਬੋਰਡ ਨੇ 1948 ਵਿਚ ਇਸਦੀ 14ਵੀਂ ਮੀਟਿੰਗ ਤੇ ਵਿਚਾਰ ਕੀਤਾ ਕਿ ਭਾਰਤ ਵਿਚ ਬਾਲਗ ਸਿੱਖਿਆ ਦੀ ਵਿਵਸਥਾ ਬਹੁਤ ਜ਼ਰੂਰੀ ਹੈ। ਸ੍ਰੀ ਮੋਹਨ ਲਾਲ ਸਕਸੈਨਾ ਦੀ ਪ੍ਰਧਾਨਗੀ ਹੇਠ ਬਣੀ ਉਪ-ਕਮੇਟੀ ਵਿਚ ਹੋਰਨਾਂ ਗੱਲਾਂ ਦੇ ਨਾਲ ਨਾਲ ਸਿਫਾਰਿਸ਼ ਕੀਤੀ ਗਈ ਕਿ ਹਰੇਕ ਭਾਰਤੀ ਨੂੰ ਨਵੀਂ ਸਮਾਜਿਕ ਪ੍ਰਣਾਲੀ ਵਿਚ ਪ੍ਰਭਾਵਸ਼ਾਲੀ ਤਰੀਕੇ ਨਾਲ ਭਾਗ ਲੈਣ ਲਈ ਆਪ ਸਿੱਖਿਆ ਦੇਣ ਤੇ ਬਹੁਤ ਜ਼ੋਰ ਦੇਣਾ ਚਾਹੀਦਾ ਹੈ ਅਤੇ ਇਹ ਸਿਫਾਰਿਸ਼ ਕੀਤੀ ਕਿ ਪ੍ਰਾਦੇਸ਼ਿਕ ਸਰਕਾਰਾਂ ਨੂੰ ਬਾਲਗ ਸਿੱਖਿਆ ਲਈ ਫੰਡ ਦੇਣੇ ਚਾਹੀਦੇ ਹਨ। ਇਸਨੇ ਆਉਣ ਵਾਲੇ ਪੰਜ ਸਾਲਾਂ ਵਿਚ 55 ਪ੍ਰਤੀਸ਼ਤ ਅਨਪੜ੍ਹਤਾ ਨੂੰ ਖਤਮ ਕਰਨ ਦਾ ਨਿਸ਼ਾਨਾ ਬਣਾਇਆ। ਕੇਂਦਰੀ ਸਲਾਹਕਾਰ ਬੋਰਡ ਦੀ 15ਵੀਂ ਮੀਟਿੰਗ ਜੋ ਅਲਾਹਾਬਾਦ ਵਿਚ ਹੋਈ, ਵਿਚ ਮੌਲਾਨਾ ਅਜ਼ਾਦ ਜੋ ਉਸ ਸਮੇਂ ਸਿੱਖਿਆ ਮੰਤਰੀ ਸਨ ਨੇ ਇਸ ਲਹਿਰ ਨੂੰ ਇਕ ਨਵੀਂ ਪ੍ਰੇਰਣਾ ਸ਼ਕਤੀ ਦਿੱਤੀ ਜਿਸਨੇ ਇਸਨੂੰ ਬਾਲਗ ਸਿੱਖਿਆ ਦੀ ਬਜਾਏ ਸਮਾਜਿਕ ਸਿੱਖਿਆ ਕਿਹਾ।

ਬਾਲਗ ਸਿੱਖਿਆ ਜਾਂ ਬਾਲਗਾਂ ਦੀ ਸਿੱਖਿਆ ਵਿਚ ਦੋ ਸ਼ਬਦ ਵਰਤੇ ਗਏ ਹਨ ਬਾਲਗ ਤੇ ਸਿੱਖਿਆ। ਇਹ ਦੋਵੇਂ ਸ਼ਬਦ ਭਿੰਨ ਭਿੰਨ ਕੰਮਾਂ ਤੇ ਭਿੰਨ ਭਿੰਨ ਖੇਤਰਾਂ ਵਿਚ ਵਖੋ-ਵਖਰੇ ਅਰਥਾਂ ਵਿਚ ਵਰਤੇ ਜਾਂਦੇ ਹਨ। ਇਸ ਲਈ ਬਾਲਗ ਸਿੱਖਿਆ ਦੇ ਖੇਤਰ ਵਿਚ ਇਨ੍ਹਾਂ ਦੋਵਾਂ ਸ਼ਬਦਾਂ ਦੇ ਅਰਥਾਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ।

ਬਾਲਗ ਸ਼ਬਦ ਦਾ ਅਰਥ ਉਹ ਮਰਦ ਜਾਂ ਔਰਤ ਹੈ ਜਿਹੜਾ ਬਚਪਨ ਦੀ ਅਵਸਥਾ ਲੰਘ ਕੇ ਗਭਰੂ ਜਾਂ ਮੁਟਿਆਰ ਅਖਵਾਉਣ ਲਗ ਜਾਂਦਾ ਹੈ। ਭਾਰਤੀ ਸੰਵਿਧਾਨ ਵਿਚ ਹਰ ਉਸ ਮਰਦ ਨੂੰ ਬਾਲਗ ਮੰਨਿਆ ਜਾਂਦਾ ਹੈ ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਵੇ। ਵਿਆਹ ਸੰਬੰਧੀ ਕਾਨੂੰਨ ਉਸ ਮਰਦ ਤੇ ਔਰਤ ਨੂੰ ਬਾਲਗ ਸਮਝਦਾ ਹੈ ਜਿਸਦੀ ਉਮਰ 18 ਜਾਂ ਇਸ ਤੋਂ ਵੱਧ ਹੋਵੇ।

ਪਰ ਬਾਲਗ ਸਿੱਖਿਆ ਦੇ ਖੇਤਰ ਵਿਚ ਬਾਲਗ ਸ਼ਬਦ ਦੇ ਅਰਥ ਵੱਖਰੇ ਹੀ ਹਨ। ਇਸ ਖੇਤਰ ਵਿਚ ਹਰ ਅਜਿਹਾ ਲੜਕਾ ਜਾਂ ਲੜਕੀ ਬਾਲਗ ਸਮਝਿਆ ਜਾਂਦਾ ਹੈ ਜਿਸ ਦੀ ਉਮਰ 15 ਸਾਲ ਜਾਂ ਇਸ ਤੋਂ ਵੱਧ ਹੋਵੇ ਤੇ ਉਹ ਕਿਸੇ ਕਾਰਨ ਸਕੂਲ ਦੀ ਪੜ੍ਹਾਈ ਤੋਂ ਵਾਂਝਾ ਰਹਿ ਗਿਆ ਹੋਵੇ। ਬਾਲਗ ਸਿੱਖਿਆ ਦਾ ਅਰਥ ਕੇਵਲ ਇਹ ਹੈ ਕਿ ਬਾਲਗਾਂ ਨੂੰ ਪੜ੍ਹਨਾ, ਲਿਖਣਾ ਤੇ ਹਿਸਾਬ ਕਿਤਾਬ ਸਿਖਾਉਣਾ।

**2.1.3 ਬਾਲਗ ਸਿੱਖਿਆ ਦਾ ਸੰਕਲਪ :**

ਬਾਲਗ ਵਿਦਿਆ ਤੋਂ ਸਾਰੇ ਸਮਾਜ ਦਾ ਤੇ ਸਾਰੀ ਮਨੁੱਖ ਜਾਤੀ ਦਾ ਇਕੋ ਹੀ ਭਾਵ ਨਹੀਂ ਹੈ। ਬਹੁਤ ਵਾਰੀ ਤਾਂ ਇਕੋ ਹੀ ਸਮਾਜ ਵਿੱਚ ਵੀ ਇਸ ਦਾ ਇਕੋ ਹੀ ਅਰਥ ਵੱਖ-ਵੱਖ ਸਮੇਂ ਵਿੱਚ ਨਹੀਂ ਰਹਿੰਦਾ। ਉਸ ਸਮਾਜ ਵਿੱਚ ਜਿਥੇ ਅਨਪੜ੍ਹਤਾ ਬਹੁਤ ਜ਼ਿਆਦਾ ਹੈ, ਪੜ੍ਹੇ ਲਿਖੇ ਬਾਲਗਾਂ ਤੋਂ ਭਾਵ ਇਹ ਵੀ ਲਿਆ ਜਾਂਦਾ ਹੈ ਕਿ, ''ਉਹ ਵਿਅਕਤੀ ਪੜ੍ਹਿਆ-ਲਿਖਿਆ ਹੈ ਜੋ ਕਿ ਜਦੋਂ ਕਿਸੇ ਕੋਲੋਂ ਪੈਸੇ ਲੈਂਦਾ ਹੈ ਤਾਂ ਕਾਗਜ਼ ਉਪਰ ਰਸੀਦ ਦੇਣ ਲੱਗਿਆਂ ਆਪਣੇ ਹਸਤਾਖਰ ਕਰਦਾ ਹੈ, ਅੰਗੂਠਾ ਨਹੀਂ ਲਗਾਉਂਦਾ।'' ਭਾਰਤ ਵਿੱਚ ਵੀ ਉਹ ਸਮਾਂ ਸੀ ਜਦੋਂ ਪੜ੍ਹੇ-ਲਿਖੇ ਤੇ ਅਨਪੜ੍ਹ ਬਾਲਗਾਂ ਵਿੱਚ ਇਹ ਅੰਤਰ ਹੁੰਦਾ ਸੀ ਕਿ ਇਕ ਅੰਗੂਠਾ ਲਗਾਉਂਦਾ ਸੀ ਤੇ ਦੂਸਰਾ ਦਸਤਖਤ ਕਰਦਾ ਸੀ। ਕਈ ਹੋਰ ਸਮਾਜਾਂ ਵਿੱਚ ਜੋ ਬਾਲਗ ਪੜ੍ਹ-ਲਿਖ ਸਕਦਾ ਹੈ, ਨੂੰ ਸਾਖਰ ਬਾਲਗ ਕਿਹਾ ਜਾਂਦਾ ਹੈ। ਕਈ ਦੂਸਰੇ ਸਮਾਜ ਵਿੱਚ ਉਨ੍ਹਾਂ ਵਿਅਕਤੀਆਂ ਨੂੰ ਹੀ ਪੜ੍ਹਿਆ ਲਿਖਿਆ ਬਾਲਗ ਕਿਹਾ ਜਾਂਦਾ ਹੈ ਜੋ ਕਿ ਆਪਣੀ ਪੜ੍ਹਨ-ਲਿਖਣ ਦੀ ਕਾਬਲੀਅਤ ਨੂੰ ਆਪਣੇ ਕਿੱਤੇ ਨਾਲ ਜੋੜ ਸਕਦੇ ਹਨ ਤੇ ਉਨ੍ਹਾਂ ਨੂੰ ਕਾਰਜਾਤਮਿਕ ਸਾਖਰ ਕਿਹਾ ਜਾਂਦਾ ਹੈ। ਯੂ.ਕੇ. ਵਿੱਚ ਉਸ ਨੂੰ ਸਾਖਰ ਕਿਹਾ ਜਾਂਦਾ ਹੈ ਜੋ ਕਿ ਚਿੱਠੀਆਂ ਲਿਖ ਸਕਦਾ ਹੈ ਤੇ ਚਿੱਠੀਆਂ ਪੜ੍ਹ ਸਕਦਾ ਹੈ। ਯੂ.ਐਸ.ਏ. ਵਿੱਚ ਇਹ ਵੀ ਆਸ ਕੀਤੀ ਜਾਂਦੀ ਹੈ ਕਿ ਇਕ ਸਾਖਰ ਵਿਅਕਤੀ ਨੂੰ ਆਪਣੇ ਸਮਾਜਕ ਢਾਂਚੇ ਤੇ ਆਪਣੇ ਕਿੱਤੇ ਨਾਲ ਸੰਬੰਧਤ ਕੰਮਾਂ ਨੂੰ ਜੋੜ ਕੇ ਉਨ੍ਹਾਂ ਦਾ ਗਿਆਨ ਪ੍ਰਾਪਤ ਕਰਨਾ ਹੁੰਦਾ ਹੈ। ਇਹ ਵੀ ਵਜ੍ਹਾ ਹੈ ਕਿ ਕਈ ਵਾਰੀ ਇਸ ਨੂੰ ਅਗਲੇਰੀ ਸਿੱਖਿਆ ਵੀ ਕਿਹਾ ਜਾਂਦਾ ਹੈ। ਇਹਨਾਂ ਗੱਲਾਂ ਦਾ ਧਿਆਨ ਹੁਣ ਸਾਰੀ ਦੁਨੀਆਂ ਵਿੱਚ ਵੀ ਰੱਖਿਆ ਜਾਣ ਲੱਗਾ ਹੈ ਤੇ ਇਹ ਵੀ ਇਕ ਕਾਰਨ ਹੈ ਕਿ ਦੁਨੀਆਂ ਵਿੱਚ ਬਾਲਗ ਵਿੱਦਿਆ ਨੂੰ ਜੀਵਨ ਭਰ ਚੱਲਣ ਵਾਲੀ ਜਾਂ ਸਾਰਾ ਜੀਵਨ ਲਗਾਤਾਰ ਚੱਲਣ ਵਾਲੀ ਵਿਦਿਆ ਸਮਝਿਆ ਜਾਂਦਾ ਹੈ। ਕਈ ਵਾਰ ਇਸ ਪ੍ਰਕਾਰ ਦੀ ਵਿਦਿਆ ਨੂੰ ਨਿਰੰਤਰ ਵਿਦਿਆ ਵੀ ਸਮਝਿਆ ਜਾਂਦਾ ਹੈ।

ਹਰ ਇਕ ਸਮਾਜ ਵਿੱਚ ਬਾਲਗ ਵਿਦਿਆ ਮੁੱਢ ਸਮੇਂ ਤੋਂ ਇਕ ਜਾਂ ਫੇਰ ਦੂਸਰੇ ਰੂਪ ਵਿੱਚ ਚਲਦੀ ਆ ਰਹੀ ਹੈ। ਇਕ ਸਮੇਂ ਤਾਂ ਇਸ ਨੂੰ ਸਮਾਜ ਸੇਵਾ ਜਾਂ ਫੇਰ ਸਿੱਖਿਆ ਦੇ ਘਾਟੇ ਦੀ ਪੂਰਤੀ ਦਾ ਸਾਧਨ ਸਮਝਿਆ ਜਾਂਦਾ ਸੀ। ਪਿਛਲੇ ਕੁਝ ਸਮੇਂ ਤੋਂ ਬਾਲਗ ਵਿਦਿਆ ਦਾ ਸੰਖੇਪ ਅਰਥ ਲਿਆ ਜਾਂਦਾ ਸੀ ਤੇ ਇਸ ਦਾ ਅਰਥ ਸਮੇਂ-ਸਮੇਂ ਤਬਦੀਲ ਹੁੰਦਾ ਰਿਹਾ। ਇਕ ਸਮੇਂ ਇਸ ਨੂੰ ਵੇਹਲੇ ਸਮੇਂ ਦਾ ਪ੍ਰਯੋਗ ਕਰਨ ਦਾ ਸਾਧਨ ਸਮਝਿਆ ਜਾਂਦਾ ਸੀ ਤੇ ਦੂਸਰੇ ਸਮੇਂ ਇਸ ਨੂੰ ਕੰਮ ਕਰਨ ਦੀ ਤਿਆਰੀ ਦੀ ਵਿਦਿਆ ਦਾ ਰੁਤਬਾ ਦਿਤਾ ਜਾਂਦਾ ਸੀ। ਫੇਰ ਕੁਝ ਸਮੇਂ ਤੱਕ ਇਸ ਦਾ ਭਾਵ ਸਾਖਰਤਾ ਦੀਆਂ ਜਮਾਤਾਂ ਨਾਲ ਜੋੜਿਆ ਜਾਂਦਾ ਸੀ ਤੇ ਬਹੁਤ ਸਮੇਂ ਤੱਕ ਬਹੁਤੇ ਸਮਾਜ ਇਸ ਦਾ ਭਾਵ ਪੜ੍ਹਨਾ, ਲਿਖਣਾ ਤੇ ਹਿਸਾਬ-ਕਿਤਾਬ ਕਰਨਾ ਸਿਖਾਉਣਾਂ ਹੀ ਸਮਝਦੇ ਰਹੇ ਹਨ।

1951 ਦੀ ਯੂਨੈਸਕੋ ਦੀ ਡਾਇਰੈਕਟਰੀ ਆਫ ਐਡੱਲਟ ਐਜੂਕੇਸ਼ਨ ਨੇ ਇਸ ਦਾ ਅਰਥ ਹੀ ਤਬਦੀਲ ਕਰਕੇ ਰੱਖ ਦਿਤਾ ਸੀ। ਇਸ ਅਨੁਸਾਰ ਬਾਲਗ ਵਿਦਿਆ ਤੋਂ ਭਾਵ ਹੁੰਦਾ ਸੀ, ਉਹ ਪੜ੍ਹਾਈ ਜੋ ਸਿਆਣੇ ਵਿਅਕਤੀ ਆਪ ਕਰਦੇ ਹਨ (ਜਿਨ੍ਹਾਂ ਦੀ ਉਮਰ 18 ਸਾਲ ਤੋਂ ਵੱਧ ਹੁੰਦੀ ਹੈ) ਤੇ ਇਹ ਬਾਲਗ ਵਿਅਕਤੀਆਂ ਦੀਆਂ ਸਾਰੀਆਂ ਧਾਰਨਾਵਾਂ ਦੀ ਹਰ ਪੱਖ ਤੋਂ ਸੰਤੁਸ਼ਟ ਕਰਦੀ ਹੈ। ਇਹ ਕੋਈ ਲਹਿਰ ਨਹੀਂ ਹੁੰਦੀ। ਇਹ ਤਾਂ ਲਹਿਰ ਤੋਂ ਉਤਪੰਨ ਭਾਵਨਾ ਜਾਂ ਫੇਰ ਵਤੀਰਾ ਹੁੰਦਾ ਹੈ।

ਬਾਲਗ ਵਿਦਿਆ ਉਹ ਕਿਰਿਆ ਹੁੰਦੀ ਹੈ ਜਾਂ ਫੇਰ ਪ੍ਰੋਗਰਾਮ ਹੁੰਦਾ ਹੈ ਜਿਸ ਦੀ ਸਥਾਪਨਾ ਜਾਣ ਬੁੱਝ ਕੇ ਕੀਤੀ ਜਾਂਦੀ ਹੈ ਤਾਂ ਜੋ ਪੜ੍ਹਿਆਂ ਦੀਆਂ ਲੋੜਾਂ ਜਾਂ ਰੁਚੀਆਂ ਦੇ ਅਨੁਕੂਲ ਹੋਵੇ। ਇਸ ਦੀ ਸਥਾਪਨਾ ਜੀਵਨ ਦੇ ਚਾਹੇ ਕਿਸੇ ਪੜਾਅ ਤੇ ਕੀਤੀ ਜਾਵੇ। ਇਹ ਉਹ ਵਿਅਕਤੀ ਲਈ ਕਰਨੀ ਚਾਹੀਦੀ ਹੈ ਜਿਸ ਦਾ ਵਿਦਿਆ ਨਾਲ ਸੰਬੰਧ ਖਤਮ ਹੋ ਚੁੱਕਾ ਹੋਵੇ। ਇਹ ਵਿਦਿਅਕ ਕਿਰਿਆਵਾਂ ਦਾ ਇਕ ਸੰਗਠਨ ਹੁੰਦਾ ਹੈ ਜਿਸ ਦਾ ਭਾਵ ਸੂਚਨਾ ਪ੍ਰਦਾਨ ਕਰਨਾ, ਗਿਆਨ ਪ੍ਰਦਾਨ ਕਰਨਾ ਤੇ ਸਕਿਲ ਵਿੱਚ ਵਾਧਾ ਕਰਨਾ ਤਾਂ ਕਿ ਉਸ ਦਾ ਜੀਵਨ ਸੌਖਾ ਹੋ ਸਕੇ ਤੇ ਉਸ ਦੀ ਕਮਾਉਣ ਦੀ ਸ਼ਕਤੀ ਵੱਧ ਜਾਵੇ। ਇਸ ਦਾ ਭਾਵ ਸਾਖਰਤਾ ਪ੍ਰਦਾਨ ਕਰਨਾ ਹੀ ਨਹੀਂ ਸੀ ਹੁੰਦਾ ਸਗੋਂ ਆਚਰਣ ਉਸਾਰੀ ਵੀ ਹੁੰਦਾ ਹੈ ਤਾਂ ਕਿ ਉਹ ਖੁਸ਼ਹਾਲ ਤੇ ਸੁਖੀ ਜੀਵਨ ਪ੍ਰਦਾਨ ਕਰ ਸਕੇ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਬਾਲਗ ਵਿਦਿਆ ਇਕ ਪ੍ਰੋਗਰਾਮ ਦਾ ਸੰਗਠਨ ਹੁੰਦਾ ਹੈ ਜੋ ਕਿ ਸਕੂਲ ਦੀ ਵਿਦਿਆ ਤੋਂ ਬਾਹਰ ਵਾਪਰਦਾ ਹੈ, ਜਿਸ ਰਾਹੀਂ ਕਿ ਰਸਮੀ (Formal) ਜਾਂ ਗੈਰਸਮੀ (Non-Formal) ਵਿਦਿਅਕ ਸਾਧਨਾਂ ਰਾਹੀਂ ਗਿਆਨ ਪ੍ਰਦਾਨ ਕੀਤਾ ਜਾਂਦਾ ਹੈ ਜਾਂ ਕੁਸ਼ਲਤਾ ਸਿਖਲਾਈ ਜਾਂਦੀ ਹੈ। ਤਾਂ ਕਿ ਉਹਨਾਂ ਦਾ ਜੀਵਨ ਢੰਗ ਤਬਦੀਲ ਹੋਵੇ ਤੇ ਉਨ੍ਹਾਂ ਦੀ ਕਮਾਉਣ ਦੀ ਸ਼ਕਤੀ ਵਧੇ। ਬਾਲਗ ਵਿਦਿਆ ਦਾ ਇਕ ਇਹ ਮਨੋਰਥ ਵੀ ਹੁੰਦਾ ਹੈ ਕਿ ਉਹ ਵਿਅਕਤੀ ਦਾ ਆਤਮਕ ਵਿਸ਼ਵਾਸ ਬਣਾਉਂਦੀ ਹੈ ਤਾਂ ਕਿ ਉਹ ਆਪਣੀ ਸਥਿਤੀ ਨੂੰ ਤੇ ਉਸ ਸਮਾਜ ਨੂੰ ਜਿਸ ਵਿੱਚ ਉਹ ਰਹਿੰਦਾ ਹੈ ਭਲੀ ਭਾਂਤ ਸਮਝ ਸਕੇ ਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਲੱਭ ਸਕੇ। ਮੂਲ ਰੂਪ ਵਿੱਚ ਇਸ ਦਾ ਭਾਵ ਹੁੰਦਾ ਹੈ ਕਿ ਵਿਅਕਤੀ ਨੂੰ ਅਜਿਹਾ ਜੀਵਨ ਬਤੀਤ ਕਰਨ ਲਈ ਤਿਆਰ ਕੀਤਾ ਜਾਵੇ ਕਿ ਉਹ ਸਮਾਜ ਵਿਚਲੇ ਆਪਣੇ ਵੱਖ-ਵੱਖ ਕਿਰਦਾਰ ਸਫਲਤਾ ਨਾਲ ਪ੍ਰਦਾਨ ਕਰ ਸਕੇ। ਇਸ ਪ੍ਰਕਾਰ ਬਾਲਗ ਵਿਦਿਆ ਵਿਕਾਸ ਤਰੱਕੀ ਤੇ ਸਮਾਜਕ ਪਰਿਵਰਤਨ ਦਾ ਇਕ ਸਾਧਨ ਹੁੰਦੀ ਹੈ।

ਬਾਲਗ ਸਿੱਖਿਆ ਦੀਆਂ ਕੁਝ ਹੇਠ ਲਿਖੀਆਂ ਪਰਿਭਾਸ਼ਾਵਾਂ ਹਨ :

1. ਬੈਰੀਸਨ (Bryson) ਦੇ ਵਿਚਾਰ ਅਨੁਸਾਰ, ''ਬਾਲਗ ਸਿੱਖਿਆ ਵਿਚ ਉਹ ਸਾਰੀਆਂ ਵਿਦਿਅਕ ਗਤੀਵਿਧੀਆਂ ਆਉਂਦੀਆਂ ਹਨ ਜੋ ਵੀ ਵਿਅਕਤੀ ਆਪਣੇ ਸਾਧਾਰਨ ਕੰਮ-ਕਾਰ ਕਰਦੇ ਸਮੇਂ ਤੇ ਆਪਣੀ ਸ਼ਕਤੀ ਦਾ ਕੁਝ ਹਿੱਸਾ ਮਾਨਸਿਕ ਉਸਾਰੀ ਲਈ ਵਰਤਦਾ ਹੈ।''

2. ਰੀਨਸ, ਫੈਨਸਟਰ ਤੇ ਹੋਲ (Reense, Fenester and Houl) ਦੇ ਅਨੁਸਾਰ, ''ਬਾਲਗ ਸਿੱਖਿਆ ਦਾ ਸੰਬੰਧ ਕਿਸੇ ਵਿਅਕਤੀ ਦੇ ਕੰਮ-ਕਾਰ, ਉਸਦੀ ਨਿੱਜੀ ਜ਼ਿੰਦਗੀ ਨਾਲ ਹੁੰਦਾ ਹੈ।''

3. ਐਨ. ਐਨ. ਮੁਕਰਜੀ ਦੇ ਵਿਚਾਰ ਅਨੁਸਾਰ, ''ਬਾਲਗ ਸਿੱਖਿਆ ਦੀ ਪ੍ਰਿਭਾਸ਼ਾ ਵਿਸ਼ਾਲ ਹੋਣੀ ਚਾਹੀਦੀ ਹੈ। ਇਸ ਵਿਚ ਬਾਲਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਭ ਰਸਮੀ ਅਤੇ ਗੈਰ-ਰਸਮੀ ਕਿਰਿਆਵਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ'', ਉਸਨੇ ਭਾਰਤ ਵਿਚ ਬਾਲਗ ਸਿੱਖਿਆ ਦੇ ਦੋ ਪੱਖ ਮੰਨੇ ਹਨ :

(ੳ) ਬਾਲਗ ਅੱਖਰ ਬੋਧ (Adult Literacy)

(ਅ) ਅੱਖਰ ਬੋਧੀ ਵਿਅਕਤੀਆਂ ਨੂੰ ਨਿਰੰਤਰ ਸਿੱਖਿਆ ਦਿੰਦੇ ਰਹਿਣਾ।

4. ਗਾਂਧੀ ਦੇ ਵਿਚਾਰ ਅਨੁਸਾਰ, ''ਬਾਲਗ ਸਿੱਖਿਆ ਕੇਵਲ ਅੱਖਰ-ਬੋਧ ਤੱਕ ਹੀ ਸੀਮਿਤ ਨਹੀਂ ਹੈ ਇਹ ਤਾਂ ਸਾਡੇ ਜੀਵਨ ਦੀ ਸਿੱਖਿਆ ਹੈ।''

5. ਸੈਈਦਾਇਨ (Saiyadin's View) ਦੇ ਅਨੁਸਾਰ ''ਸਮਾਜ ਸਿੱਖਿਆ ਬਾਲਗ ਨੂੰ ਨਿਰੰਤਰ ਮੁੱਲ ਪ੍ਰਦਾਨ ਕਰਦੀ ਹੈ ਉਹ ਸਮਾਜ ਨੂੰ ਲਿਖਣ, ਪੜ੍ਹਨ ਦੀ ਸਿੱਖਿਆ ਤੱਕ ਹੀ ਸੀਮਿਤ ਨਹੀਂ ਰੱਖਦੀ ਸਗੋਂ ਉਸ ਵਿਚ ਨੈਤਿਕ ਅਤੇ ਅਧਿਆਤਮਕ ਮੁੱਲਾਂ ਨੂੰ ਵੀ ਸ਼ਾਮਲ ਕਰਦੀ ਹੈ।''

6. ਮੌਲਾਨਾ ਆਜ਼ਾਦ ਬਾਲਗ ਸਿੱਖਿਆ ਨੂੰ ਲਿਖਣ ਪੜ੍ਹਨ ਅਤੇ ਗਣਿਤ ਦੀ ਸਿੱਖਿਆ ਤੱਕ ਹੀ ਸੀਮਿਤ ਨਹੀਂ ਮੰਨਦੇ ਸਗੋਂ ਉਨ੍ਹਾਂ ਦੇ ਅਨੁਸਾਰ, ''ਬਾਲਗ ਸਿੱਖਿਆ ਰਾਹੀਂ ਹਰੇਕ ਨਾਗਰਿਕ ਨੂੰ ਲੋਕਤੰਤਰਿਕ ਸਮਾਜ ਪ੍ਰਬੰਧ ਵਿਚ ਯੋਗਤਾ ਪੂਰਨ ਭਾਗ ਲੈਣ ਲਈ ਤਿਆਰ ਕਰਨਾ ਚਾਹੀਦਾ

ਹੈ।''

7. ਹਮਾਯੂੰ ਕਬੀਰ ਦੇ ਵਿਚਾਰ ਅਨੁਸਾਰ, ''ਸਮਾਜਿਕ ਸਿੱਖਿਆ ਇਕ ਅਜਿਹਾ ਅਧਿਐਨ ਕੋਰਸ ਹੈ ਜਿਹੜਾ ਲੋਕਾਂ ਵਿਚ ਨਾਗਰਿਕਤਾ ਲਈ ਜਾਗ੍ਰਿਤੀ ਪੈਦਾ ਕਰਦਾ ਹੈ ਅਤੇ ਉਨ੍ਹਾਂ ਵਿਚ ਸਮਾਜਿਕ ਸਥਿਰਤਾ ਨੂੰ ਵਿਕਸਿਤ ਕਰਦਾ ਹੈ। ਇਸ ਦਾ ਉਦੇਸ਼ ਜਨ-ਸਧਾਰਨ ਵਿਚ ਸਿਖਿਅਤ ਮਾਨਸਿਕਤਾ ਵਿਕਸਿਤ ਕਰਨਾ ਹੈ।''

ਸੋ ਬਾਲਗ ਸਿੱਖਿਆ ਸਿਰਫ ਅੱਖਰ ਬੋਧ ਤਕ ਹੀ ਸੀਮਿਤ ਨਹੀਂ ਹੈ ਸਗੋਂ ਇਹ ਸਾਰੇ ਜੀਵਨ ਦੀ ਹੈ। ਬਾਲਗ ਸਿੱਖਿਆ ਨੂੰ ਸਮਾਜਿਕ ਸਿੱਖਿਆ ਵੀ ਕਿਹਾ ਜਾ ਸਕਦਾ ਹੈ। ਉਪਰੋਕਤ ਵਿਚਾਰਾਂ ਦੇ ਆਧਾਰ ਤੇ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਬਾਲਗ ਸਿੱਖਿਆ ਪੜ੍ਹਾਈ ਦਾ ਵਿਸਤਾਰ, ਗਿਆਨ ਦਾ ਪ੍ਰਚਾਰ ਜਿਵੇਂ ਸਿਹਤ ਅਤੇ ਸਫਾਈ ਸੰਬੰਧੀ ਗਿਆਨ ਆਦਿਕ, ਬਾਲਗ ਦੀ ਆਰਥਿਕ ਹਾਲਤ ਵਿਚ ਵਿਕਾਸ, ਨਾਗਰਿਕਤਾ ਦੀ ਸਿਖਲਾਈ ਤੇ ਵਿਅਕਤੀ ਵਿਚ ਸਮੁਦਾਇ ਦੀਆਂ ਲੋੜਾਂ ਅਨੁਸਾਰ ਚੰਗੀਆਂ ਮਨੋਰੰਜਨ ਸੰਬੰਧੀ ਕਿਰਿਆਵਾਂ ਦਾ ਵਿਕਾਸ ਹੈ।

**2.1.4 ਬਾਲਗ ਸਿੱਖਿਆ ਦੇ ਉਦੇਸ਼ :**

ਭਾਰਤ ਸਰਕਾਰ ਨੇ ਬਾਲਗ ਸਿੱਖਿਆ ਦੇ ਉਦੇਸ਼ਾਂ ਨੂੰ ਦੋ ਵਰਗਾਂ ਵਿਚ ਵੰਡਿਆ ਹੈ ਜੋ ਇਸ ਤਰ੍ਹਾਂ ਹਨ:

(ੳ) ਵਿਅਕਤੀਗਤ ਉਦੇਸ਼ (Individual aims)

(ਅ) ਸਮਾਜਿਕ ਉਦੇਸ਼ (Social aims)

**(ੳ) ਵਿਅਕਤੀਗਤ ਉਦੇਸ਼** : ਵਿਅਕਤੀਗਤ ਦ੍ਰਿਸ਼ਟੀਕੋਣ ਤੋਂ ਬਾਲਗ ਸਿੱਖਿਆ ਦੇ ਹੇਠ ਲਿਖੇ ਉਦੇਸ਼ ਹਨ।

**(i) ਸਰੀਰਕ ਵਿਕਾਸ** : ਬਾਲਗਾਂ ਦੇ ਸਰੀਰਕ ਵਿਕਾਸ ਦੇ ਲਈ ਬਾਲਗ ਸਿੱਖਿਆ ਤੰਦਰੁਸਤ ਸਿਹਤ ਤੇ ਉਚਿਤ ਸਫਾਈ ਦਾ ਪ੍ਰਬੰਧ ਕਰਦੀ ਹੈ। ਇਸਦੇ ਦੁਆਰਾ ਬਿਮਾਰੀਆਂ ਨੂੰ ਰੋਕਣ ਅਤੇ ਬਾਲਗਾਂ ਨੂੰ ਪੋਸ਼ਟਿਕ ਭੋਜਨ ਦੇਣ ਦਾ ਪ੍ਰਬੰਧ ਕੀਤਾ ਹੈ।

**(ii) ਮਾਨਸਿਕ ਵਿਕਾਸ** : ਬਾਲਗ ਸਿੱਖਿਆ ਉਨ੍ਹਾਂ ਬਾਲਗਾਂ ਦੀ ਸਿੱਖਿਆ ਦਾ ਪ੍ਰਬੰਧ ਕਰਦੀ ਹੈ ਜੋ ਆਪਣੀਆਂ ਪਰਿਵਾਰਿਕ ਅਤੇ ਆਰਥਿਕ ਸਥਿਤੀਆਂ ਦੇ ਕਾਰਨ ਸਿੱਖਿਆ ਪ੍ਰਾਪਤ ਨਹੀਂ ਕਰ ਸਕੇ। ਇਸ ਲਈ ਇਹ ਉਨ੍ਹਾਂ ਦੇ ਬੌਧਿਕ ਵਿਕਾਸ ਵਿਚ ਸਹਾਇਤਾ ਕਰਦੀ ਹੈ।

**(iii) ਵਿਵਸਾਇਕ ਯੋਗਤਾ ਦਾ ਵਿਕਾਸ** : ਬਾਲਗਾਂ ਦੀ ਵਿਵਸਾਇਕ ਯੋਗਤਾ ਦੇ ਵਿਕਾਸ ਲਈ ਬਾਲਗ ਸਿੱਖਿਆ ਸ਼ਹਿਰੀ ਇਲਾਕਿਆਂ ਵਿਚ ਵਿਵਸਾਇਕ ਅਤੇ ਤਕਨੀਕੀ ਸਿੱਖਿਆ ਦਾ ਪ੍ਰਬੰਧ ਕਰਦੀ ਹੈ। ਪੇਂਡੂ ਇਲਾਕਿਆਂ ਵਿਚ ਖੇਤੀ ਅਤੇ ਘਰੇਲੂ ਉਦਯੋਗ ਦੀ ਸਿਖਲਾਈ ਦਾ ਪ੍ਰਬੰਧ ਕਰਦੀ ਹੈ।

**(iv) ਸਮਾਜਿਕ ਕੁਸ਼ਲਤਾਵਾਂ ਦਾ ਵਿਕਾਸ** : ਬਾਲਗਾਂ ਵਿਚ ਸਮਾਜਿਕ ਕੁਸ਼ਲਤਾਵਾਂ ਦਾ ਵਿਕਾਸ ਕਰਨ ਲਈ ਬਾਲਗ ਸਿੱਖਿਆ, ਉਨ੍ਹਾਂ ਨੂੰ ਆਪਣੇ ਕਰੱਤਵਾਂ ਅਤੇ ਅਧਿਕਾਰਾਂ ਪ੍ਰਤੀ ਸੁਚੇਤ ਕਰਦੀ ਹੈ। ਉਨ੍ਹਾਂ ਨੂੰ ਆਪਣੇ ਪਰਿਵਾਰਿਕ ਜੀਵਨ ਨੂੰ ਸੁਖੀ ਬਣਾਉਣ ਦੇ ਸਾਧਨ ਸਿਖਾਉਂਦੀ ਹੈ ਅਤੇ ਉਨ੍ਹਾਂ ਨੂੰ ਆਪਣੇ ਸਾਥੀਆਂ ਸੱਕੇ ਸੰਬੰਧੀਆਂ ਅਤੇ ਮਿੱਤਰਾਂ ਦੇ ਨਾਲ ਮਿਲ ਕੇ ਰਹਿਣਾ ਸਿਖਾਉਂਦੀ ਹੈ। ਇਸ ਤਰ੍ਹਾਂ ਬਾਲਗ ਸਿੱਖਿਆ ਬਾਲਗਾਂ ਦੇ ਜੀਵਨ ਨੂੰ ਤੱਰਕੀ ਵੱਲ ਲੈ ਜਾਂਦੀ ਹੈ।

**(v) ਸਭਿਆਚਾਰਿਕ ਵਿਕਾਸ** : ਬਾਲਗਾਂ ਵਿਚ ਸਭਿਆਚਾਰਿਕ ਵਿਕਾਸ ਦੇ ਲਈ ਬਾਲਗ ਸਿੱਖਿਆ ਬਾਲਗਾਂ ਨੂੰ ਸੰਗੀਤ, ਨਾਚ ਭਾਸ਼ਣਾਂ ਦੁਆਰਾ ਪ੍ਰਾਚੀਨ ਅਤੇ ਪ੍ਰਚੱਲਤ ਸਭਿਆਚਾਰਿਕ ਕਿਰਿਆਵਾਂ ਬਾਰੇ ਜਾਣਕਾਰੀ ਦਿੰਦੀ ਹੈ।

**(ਅ) ਸਮਾਜਿਕ ਉਦੇਸ਼** : ਸਮਾਜਿਕ ਦ੍ਰਿਸ਼ਟੀਕੋਣ ਤੋਂ ਬਾਲਗ ਸਿੱਖਿਆ ਦੇ ਹੇਠ ਲਿਖੇ ਉਦੇਸ਼ ਹਨ :

**(i) ਸਮਾਜਿਕ ਦ੍ਰਿੜ੍ਹਤਾ ਦਾ ਵਿਕਾਸ** : ਵੱਖ-ਵੱਖ ਭਾਸ਼ਾਵਾਂ ਬੋਲਣ ਵਾਲਿਆਂ, ਧਾਰਮਿਕ

ਸੰਪਰਦਾਵਾਂ, ਸ਼ਹਿਰੀ ਅਤੇ ਪੇਂਡੂ ਲੋਕਾਂ, ਪੜ੍ਹੇ ਲਿਖੇ, ਤੇ ਪੂੰਜੀਪਤੀਆਂ ਅਤੇ ਮਜ਼ਦੂਰਾਂ ਨੌਜਵਾਨਾਂ ਦੇ ਬੁੱਢਿਆਂ ਵਿਚ ਮਿਲਣ ਵਾਲੇ ਵਿਅਕਤੀਵਾਦ ਨੂੰ ਘੱਟ ਕਰਦੀ ਹੈ।

**(ii) ਰਾਸ਼ਟਰੀ ਸਾਧਨਾਂ ਦੀ ਸੁਰੱਖਿਆ ਤੇ ਵਿਕਾਸ** : ਬਾਲਗ ਸਿੱਖਿਆ ਭੌਤਿਕ ਤੇ ਰਾਸ਼ਟਰੀ ਸਾਧਨਾਂ ਦੇ ਵਿਕਾਸ ਵਿਚ ਸਹਾਇਤਾ ਕਰਦੀ ਹੈ : ਬਾਲਗ ਸਿੱਖਿਆ ਪੇਂਡੂ ਆਰਥਿਕ ਪ੍ਰਬੰਧ, ਤੇ ਖੇਤੀ ਅਤੇ ਉਦਯੋਗ ਦੇ ਵਿਕਾਸ ਵਿਚ ਸਹਾਇਤਾ ਕਰਦੀ ਹੈ।

**(iii) ਸਮਾਜਿਕ ਵਿਚਾਰਧਾਰਾ ਦਾ ਨਿਰਮਾਣ ਕਰਨਾ** : ਬਾਲਗ ਸਿੱਖਿਆ ਲੋਕਾਂ ਨੂੰ ਸਮੁਦਾਇਕ ਹਿੱਤਾਂ ਲਈ, ਤੇ ਆਪਣੇ ਹਿੱਤਾਂ ਨੂੰ ਤਿਆਗਣ ਦੀ ਸਿੱਖਿਆ ਦਿੰਦੀ ਹੈ। ਦੂਜੇ ਸ਼ਬਦਾਂ ਵਿਚ ਬਾਲਗ ਸਿੱਖਿਆ ਲੋਕਾਂ ਵਿਚ ਸਹਿਯੋਗੀ, ਸਹਿਨਸ਼ੀਲਤਾ ਭਾਵਾਤਮਕ ਏਕਤਾ, ਭਾਈਚਾਰਿਕ, ਦੇਸ਼ ਭਗਤੀ, ਰਾਸ਼ਟਰਵਾਦ ਅਤੇ ਰਾਸ਼ਟਰ ਸੇਵਾ ਆਦਿ ਦੇ ਸਮਾਜਿਕ ਗੁਣਾਂ ਦਾ ਵਿਕਾਸ ਕਰਦੀ ਹੈ।

**(iv) ਸਹਿਕਾਰੀ ਸਮੁਦਾਇ ਤੇ ਸੰਸਥਾਵਾਂ ਦਾ ਨਿਰਮਾਣ ਕਰਨਾ** : ਬਾਲਗ ਸਿੱਖਿਆ ਵੱਖ ਤੋਂ ਵੱਖ ਵਿਅਕਤੀਗਤ, ਪ੍ਰਸੰਨਤਾ ਅਤੇ ਸਮਾਜਿਕ ਪ੍ਰਗਤੀ ਵਿਚ ਮੇਲ ਜੋਲ ਕਾਇਮ ਕਰਦੀ ਹੈ। ਇਹ ਸਰਕਾਰ ਸਮੁਦਾਇ ਦੇ ਨਿਰਮਾਣ ਵਿਚ ਸਹਾਇਤਾ ਕਰਦੀ ਹੈ ਜੋ ਆਰਥਿਕ ਅਤੇ ਰਾਸ਼ਟਰੀ ਸਮੱਸਿਆਵਾਂ ਨੂੰ ਸਮੂਹਿਕ ਅਤੇ ਸਹਿਯੋਗਤਾ ਨਾਲ ਸੁਲਝਾ ਸਕਦੇ ਹਨ। ਬਾਲਗ ਸਿੱਖਿਆ ਦੇ ਪ੍ਰਸਾਰ ਨਾਲ ਰਾਸ਼ਟਰੀ ਸੁਰੱਖਿਆ ਤੇ ਏਕਤਾ, ਉਤਪਾਦਕਤਾ ਤੋਂ ਜਨ ਸੰਖਿਆ ਉਤੇ ਕੰਟਰੋਲ, ਸਿਹਤ ਤੇ ਲੋਕ-ਭਲਾਈ ਨੂੰ ਵਿਕਸਿਤ ਕੀਤਾ ਜਾ ਸਕਦਾ ਹੈ।

### 2.1.5 ਬਾਲਗ ਸਿੱਖਿਆ ਦੀਆਂ ਸਮੱਸਿਆਵਾਂ :

ਭਾਰਤ ਨੂੰ ਆਜ਼ਾਦ ਹੋਏ 60 ਸਾਲਾਂ ਤੋਂ ਵੀ ਵੱਧ ਸਮਾਂ ਹੋ ਗਿਆ। ਇਸ ਸਮੇਂ ਦੌਰਾਨ ਸਰਕਾਰ ਦੇ ਕਈ ਪ੍ਰਕਾਰ ਦੇ ਪ੍ਰੋਗਰਾਮ ਬਾਲਗ ਸਿੱਖਿਆ ਲਈ ਚਲਾਏ। ਪਰ ਫਿਰ ਵੀ ਅਸੀਂ 100% ਸਾਖਰਤਾ ਪ੍ਰਾਪਤ ਨਹੀਂ ਕਰ ਸਕੇ। ਬਾਲਗ ਸਿੱਖਿਆ ਪ੍ਰੋਗਰਾਮ ਅਸਫਲ ਹੋਣ ਦੇ ਕਈ ਕਾਰਨ ਹਨ। ਜਿਨਾਂ ਵਿੱਚ ਕੁਝ ਇਸ ਤਰ੍ਹਾਂ ਹਨ :

**1. ਪ੍ਰੇਰਣਾ ਦੀ ਘਾਟ :**

ਕੋਈ ਵੀ ਪ੍ਰੋਗਰਾਮ ਉਦੋ ਹੀ ਸਫਲ ਹੁੰਦਾ ਹੈ ਜਦੋਂ ਆਮ ਲੋਕਾਂ ਦੀ ਸ਼ਮੂਲੀਅਤ ਉਸ ਵਿੱਚ ਹੋਵੇ। ਬਾਲਗ ਸਿੱਖਿਆ ਪ੍ਰੋਗਰਾਮ ਤਾਂ ਹਨ ਹੀ ਲੋਕਾਂ ਲਈ। ਜੇ ਕਰ ਲੋਕ ਭਾਵ ਕਿ ਬਾਲਗ ਹੀ ਇਸ ਪ੍ਰੋਗਰਾਮ ਵਿਚ ਹਿੱਸਾ ਨਹੀਂ ਲੈਣਗੇ ਤਾਂ ਇਹ ਪ੍ਰੋਗਰਾਮ ਅਸਫਲ ਹੋ ਜਾਂਦੇ ਹਨ। ਇਸ ਲਈ ਬਾਲਗਾਂ ਨੂੰ ਕੇਂਦਰਾਂ ਵਿੱਚ ਲਿਆਉਣ ਲਈ ਪ੍ਰੇਰਣਾ ਦੀ ਘਾਟ ਇੱਕ ਵੱਡੀ ਸਮੱਸਿਆ ਹੈ। ਬਾਲਗ ਕਿਉਂਕਿ 15 ਸਾਲ ਤੋਂ ਵੱਧ ਉਮਰ ਦੇ ਹਨ ਇਸ ਲਈ ਮਨੋਵਿਗਿਆਨਕ ਤੌਰ ਤੇ ਉਹ ਸੋਚਦੇ ਹਨ ਕਿ ਉਹ ਬੱਚਿਆਂ ਵਾਂਗ ਹੁਣ ਪੜ ਨਹੀਂ ਸਕਦੇ। ਕੇਂਦਰਾਂ ਵਿੱਚ ਉਨ੍ਹਾਂ ਦੀ ਆਮਦਨ ਦਾ ਵੀ ਕੋਈ ਸਾਧਨ ਨਹੀਂ ਹੈ ਜਿਸ ਕਰਕੇ ਉਹ ਘੱਟ ਪ੍ਰੇਰਿਤ ਹੁੰਦੇ ਹਨ। ਪ੍ਰੇਰਣਾ ਦੀ ਘਾਟ ਕਰਕੇ ਹਾਜਰੀ ਦੀ ਕਮੀ ਹਰ ਕੇਂਦਰ ਦੀ ਸਮੱਸਿਆ ਹੈ।

**2. ਗਰੀਬੀ :**

ਭਾਰਤ ਵਿੱਚ ਅੱਜ ਵੀ ਬਹੁਤ ਪਰਿਵਾਰ ਅਜਿਹੇ ਹਨ ਜਿਹੜੇ ਆਪਣੇ ਬੱਚਿਆਂ ਨੂੰ ਦੋ ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਦਿੰਦੇ ਹਨ। ਉਹ ਪੜ੍ਹਾਈ ਬਾਰੇ ਕਿਵੇਂ ਸੋਚ ਸਕਦੇ ਹਨ। ਸਰਕਾਰ ਨੇ ਚਾਹੇ ਪ੍ਰਾਇਮਰੀ ਸਿੱਖਿਆ ਮੁੱਫਤ ਤੇ ਲਾਜ਼ਮੀ ਕਰ ਦਿੱਤੀ ਹੋਈ ਹੈ ਫਿਰ ਵੀ ਬੱਚੇ ਸਕੂਲ ਨਹੀਂ ਜਾਂਦੇ, ਸਗੋਂ ਆਪਣੇ ਮਾਂ ਬਾਪ ਨਾਲ ਕੰਮ ਵਿੱਚ ਹੱਥ ਵਟਾਉਂਦੇ ਹਨ। ਜਦੋਂ ਤੱਕ ਵਿਅਕਤੀ ਦੀਆਂ ਤਿੰਨ ਮੁੱਖ ਜ਼ਰੂਰਤਾਂ ਕੁੱਲੀ, ਗੁੱਲੀ ਤੇ ਜੁੱਲੀ ਪੂਰੀਆਂ ਨਹੀਂ ਹੁੰਦੀਆਂ ਉਦੋਂ ਤੱਕ ਬਾਲਗ ਪੜਣ ਬਾਰੇ ਸੋਚ ਹੀ ਨਹੀਂ ਸਕਦਾ। ਗਰੀਬੀ ਕਰਕੇ ਹੀ ਸਾਡੇ ਬਾਲਗ ਸਿੱਖਿਆ ਪ੍ਰੋਗਰਾਮ ਅਸਫਲ ਹੋ ਜਾਂਦੇ ਹਨ।

**3. ਬਾਲਗਾਂ ਦੀ ਗਲਤ ਸੋਚ :**

ਬਾਲਗਾਂ ਦੇ ਪਰਿਵਾਰਾਂ ਦੀ ਤੇ ਉਨ੍ਹਾਂ ਦੀ ਬਾਲਗ ਸਿੱਖਿਆ ਬਾਰੇ ਗਲਤ ਸੋਚ ਹੈ। ਉਹ

ਬਾਲਗ ਸਿੱਖਿਆ ਦੇ ਮਹੱਤਵ ਨੂੰ ਸਮਝਦੇ ਨਹੀਂ ਹਨ। ਉਨ੍ਹਾਂ ਸੋਚਦੇ ਹਨ ਕਿ ਪੜਨਾ, ਲਿਖਣਾ ਤੇ ਹਿਸਾਬ ਕਿਤਾਬ ਕਰਨਾ ਸਿਖਣਾ (3R's) ਹੀ ਬਾਲਗ ਸਿੱਖਿਆ ਹੈ। ਇਹ ਪੜ੍ਹਾਈ ਕਰਕੇ ਉਨ੍ਹਾਂ ਨੂੰ ਜੀਵਨ ਵਿੱਚ ਕੀ ਮਿਲਣਾ ਹੈ। ਜੇਕਰ ਬੱਚੇ ਮਜ਼ਦੂਰੀ ਕਰਨਗੇ ਤਾਂ ਪੈਸੇ ਲੈ ਕੇ ਘਰ ਆਉਣਗੇ ਅਤੇ ਪੜ੍ਹਕੇ ਉਹ ਮਜ਼ਦੂਰੀ ਕਰਨ ਤੋਂ ਵੀ ਕਤਰਾਉਣਗੇ। ਬਾਲਗ ਸੋਚਦੇ ਹਨ ਕਿ ਪੜ੍ਹੇ ਲਿਖੇ ਜੇਕਰ ਬੇਰੁਜਗਾਰ ਫਿਰਦੇ ਹਨ ਤਾਂ ਥੋੜ੍ਹਾ ਜਿਹਾ ਪੜ੍ਹਕੇ ਕਿਹੜੀ ਨੌਕਰੀ 'ਤੇ ਲੱਗ ਜਾਣਗੇ। ਇਸ ਲਈ ਉਹ ਕੇਂਦਰ ਵਿੱਚ ਆ ਕੇ ਆਪਣਾ ਸਮਾਂ ਬਰਬਾਦ ਕਰਨਾ ਨਹੀਂ ਚਾਹੁੰਦੇ।

**4. ਲੜਕੀਆਂ ਨਾਲ ਵਿਤਕਰਾ :**

ਅੱਜ ਵੀ ਭਾਰਤ ਵਿੱਚ ਅਜਿਹੇ ਮਾਪੇ ਹਨ ਜੋ ਕਿ ਲੜਕੀਆਂ ਨੂੰ ਪੜ੍ਹਾਉਣ ਦੇ ਖਿਲਾਫ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਲੜਕੀਆਂ ਦਾ ਕੰਮ ਘਰ ਵਿੱਚ ਬੈਠ ਕੇ ਘਰ ਦੀ ਸੰਭਾਲ ਤੇ ਸਾਫ ਸਫਾਈ ਕਰਨਾਂ ਹੀ ਹੈ। ਦਫਤਰਾਂ ਜਾਂ ਘਰੋਂ ਬਾਹਰ ਜਾ ਕੇ ਲੜਕੀਆਂ ਦਾ ਕੰਮ ਕਰਨਾ ਉਨ੍ਹਾਂ ਨੂੰ ਪਸੰਦ ਨਹੀਂ। ਇਸ ਲਈ ਉਹ ਆਪਣੀਆਂ ਲੜਕੀਆਂ ਨੂੰ ਨਾ ਤਾਂ ਸਕੂਲ ਭੇਜਦੇ ਹਨ ਤੇ ਨਾ ਹੀ ਬਾਲਗ ਸਿੱਖਿਆ ਕੇਂਦਰਾਂ ਵਿੱਚ। ਕਈ ਜ਼ਿਲ੍ਹਿਆਂ ਵਿਚ ਤਾਂ ਪਰਦਾ ਪ੍ਰਥਾ ਵੀ ਹੈ ਜਿਸ ਕਰਕੇ ਲੜਕੀਆਂ ਘਰੋ ਬਾਹਰ ਨਹੀਂ ਜਾ ਸਕਦੀਆਂ। ਕਈ ਵਾਰ ਮਜ਼ਦੂਰ ਪਰਿਵਾਰਾਂ ਵਿੱਚ ਜੇ ਕਰ ਮਾਂ, ਬਾਪ ਦੋਨੇ ਮਜ਼ਦੂਰੀ ਕਰਨ ਜਾਂਦੇ ਹਨ ਤਾਂ ਲੜਕੀ ਨੂੰ ਘਰ ਤੇ ਛੋਟੇ ਭੈਣ ਭਰਾ ਸੰਭਾਲਣੇ ਪੈਂਦੇ ਹਨ ਜਿਸ ਕਰਕੇ ਉਸ ਦਾ ਸਕੂਲ ਜਾ ਬਾਲਗ ਸਿੱਖਿਆ ਕੇਂਦਰ ਜਾਣਾ ਸੰਭਵ ਨਹੀਂ ਹੁੰਦਾ। ਇਸੀ ਕਰਕੇ ਲੜਕੀਆਂ ਦੀ ਸਾਖਰਤਾ ਪ੍ਰਤੀਸ਼ਤਤਾ ਲੜਕਿਆਂ ਨਾਲੋਂ ਬਹੁਤ ਘੱਟ ਹੈ।

**5. ਕੇਂਦਰ ਸਥਾਪਿਤ ਕਰਨ ਦੀ ਸਮੱਸਿਆ :**

ਜੇਕਰ ਬਾਲਗ ਸਿੱਖਿਆ ਪ੍ਰੋਗਰਾਮ ਚਲਾਉਣਾ ਹੈ ਤਾਂ ਉਸ ਲਈ ਕੇਂਦਰ ਤਾਂ ਖੋਲਣੇ ਹੀ ਪੈਣਗੇ। ਇਹ ਦੀ ਇੱਕ ਵੱਡੀ ਸਮੱਸਿਆ ਹੈ ਕਿ ਕੇਂਦਰ ਪਿੰਡ ਜਾਂ ਮੁਹੱਲੇ ਵਿੱਚ ਕਿਥੇ ਖੋਲਿਆਂ ਜਾਵੇ। ਪਿੰਡਾਂ ਦੇ ਲੋਕ ਧੜੇਬਾਜੀ, ਜਾਤੀਵਾਦ, ਪਾਰਟੀ ਬਾਜ਼ੀ ਆਦਿ ਗੁੱਟਾਂ ਵਿੱਚ ਵੰਡੇ ਹੋਏ ਹੁੰਦੇ ਹਨ। ਇਸ ਲਈ ਜੇਕਰ ਇੱਕ ਪਾਰਟੀ ਦੇ ਇਲਾਕੇ ਵਿੱਚ ਕੇਂਦਰ ਖੋਲ ਦਿੱਤਾ ਜਾਵੇ ਤਾਂ ਦੂਸਰੀ ਪਾਰਟੀ ਦੇ ਲੋਕ ਉਥੇ ਨਹੀਂ ਆਉਂਦੇ ਜੇਕਰ ਅਨੁਸੂਚਿਤ ਜਾਤੀ ਦੇ ਘਰ ਜ਼ਿਆਦਾ ਹੋਣ ਤੇ ਕੇਂਦਰ ਉਥੇ ਖੋਲ ਦਿੱਤਾ ਜਾਵੇ ਤਾਂ ਆਮ ਜਨਤਾ ਉਥੇ ਨਹੀਂ ਜਾਂਦੀ। ਇਸ ਤਰ੍ਹਾਂ ਬਾਲਗ ਸਿੱਖਿਆ ਕੇਂਦਰ ਖੋਲਣ ਦੀ ਸਮੱਸਿਆ ਵੀ ਵੱਡੀ ਹੈ।

**6. ਸਮੇਂ ਦੀ ਸਮੱਸਿਆ :**

ਕਈ ਵਾਰ ਕੇਂਦਰ ਦਾ ਸਮਾਂ ਬਾਲਗਾਂ ਦੇ ਅਨੁਕੂਲ ਨਹੀਂ ਹੁੰਦਾ ਜਿਸ ਇਲਾਕੇ ਵਿੱਚ ਮਜ਼ਦੂਰ ਜ਼ਿਆਦਾ ਰਹਿੰਦੇ ਹਨ ਉਥੇ 10 ਵਜੇ ਸਵੇਰੇ ਤੋਂ 4 ਵਜੇ ਸ਼ਾਮ ਤੱਕ ਦਾ ਸਮਾਂ ਉਨ੍ਹਾਂ ਲਈ ਠੀਕ ਨਹੀਂ ਹੁੰਦਾ। ਹਾੜੀ, ਸਾਉਣੀ ਦੇ ਦਿਨਾਂ ਵਿੱਚ ਵੀ ਬਾਲਗਾਂ ਕੋਲ ਕੇਂਦਰ ਵਿਚ ਆਉਣ ਦਾ ਸਮਾਂ ਨਹੀਂ ਹੁੰਦਾ। ਕਈ ਵਾਰ ਕੇਂਦਰ ਦੀ ਮਿਆਦ ਇੱਕ ਸਾਲ ਹੁੰਦੀ ਹੈ। ਇਤਨੇ ਲੰਬੇ ਸਮੇਂ ਲਈ ਬਾਲਗ ਆਪਣੇ ਆਪ ਨੂੰ ਕੇਂਦਰ ਨਾਲ ਜੋੜ ਕੇ ਨਹੀਂ ਰਖ ਸਕਦੇ। ਔਰਤਾਂ ਜੋ ਕਿ ਘਰ ਦਾ ਸਾਰਾ ਕੰਮ ਕਰਦੀਆਂ ਹਨ ਉਹ ਵੀ ਆਪਣੇ ਲਈ ਇਕੋ ਸਮੇਂ ਵਿਹਲਾ ਸਮਾਂ ਨਹੀਂ ਕੱਢ ਸਕਦੀਆਂ। ਜਿਸ ਕਰਕੇ ਉਹ ਸਾਰੀਆਂ ਇਕੱਠੀਆਂ ਕੇਂਦਰ ਵਿੱਚ ਨਹੀਂ ਆ ਸਕਦੀਆਂ। ਜੇ ਉਹ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਉਹਨਾਂ ਨੂੰ ਪਰਿਵਾਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**7. ਸਹੂਲਤਾਂ ਦੀ ਘਾਟ :**

ਬਾਲਗ ਸਿੱਖਿਆ ਕੇਂਦਰਾਂ ਵਿੱਚ ਆਮ ਤੌਰ ਤੇ ਠੀਕ ਰੋਸ਼ਨੀ ਤੇ ਪਾਣੀ ਦਾ ਪ੍ਰਬੰਧ ਨਹੀਂ ਹੁੰਦਾ ਹੈ। ਇੱਕ ਕਮਰੇ ਵਿੱਚ ਉਨ੍ਹਾਂ ਦੇ ਬੈਠਣ ਲਈ ਠੀਕ ਮੇਜ਼-ਕੁਰਸੀਆਂ ਵੀ ਨਹੀਂ ਹੁੰਦੀਆਂ। ਇਸ ਤੋਂ ਇਲਾਵਾ ਆਡੀਓ ਵੀਡਿਓ ਸਮੱਗਰੀ ਦੇ ਨਾਲ-ਨਾਲ ਪੜਾਉਣ ਲਈ ਕਾਈਦੇ ਵੀ ਕਈ ਵਾਰ ਸਮੇਂ ਸਿਰ ਨਹੀਂ ਪਹੁੰਚਦੇ। ਜੇਕਰ ਇਹ ਸਹੂਲਤਾ ਕੇਂਦਰ ਵਿੱਚ ਨਹੀਂ ਹੁੰਦੀਆਂ ਤਾਂ ਬਾਲਗ ਕੇਂਦਰ ਵਲ ਨੂੰ ਪ੍ਰੇਰਿਤ ਨਹੀਂ ਹੁੰਦੇ। ਬਾਲਗ ਆਪਣੇ ਆਪ ਨੂੰ ਬੱਚਿਆਂ ਨਾਲੋਂ ਬਿਹਤਰ ਸਮਝਦੇ

ਹਨ ਇਸ ਲਈ ਉਨ੍ਹਾਂ ਦਾ ਕੇਂਦਰ ਠੀਕ ਸਹੂਲਤਾਂ ਵਾਲਾ ਹੋਣਾ ਚਾਹੀਦਾ ਹੈ।

**8. ਅਧਿਆਪਕ ਸੰਬੰਧੀ ਸਮੱਸਿਆਵਾਂ :**

ਆਮ ਸਕੂਲਾਂ ਦੀ ਤਰ੍ਹਾਂ ਬਾਲਗ ਸਿੱਖਿਆ ਕੇਂਦਰਾਂ ਲਈ ਅਸੀਂ ਹਰ ਕਿਸੇ ਨੂੰ ਅਧਿਆਪਕ ਨਹੀਂ ਲਗਾ ਸਕਦੇ। ਚੰਗਾ ਸੋਭਰ ਅਧਿਆਪਕ ਜਿਸ ਨੂੰ ਟ੍ਰੇਨਿੰਗ ਦਿੱਤੀ ਗਈ ਹੋਵੇ ਉਹ ਬਾਲਗ ਸਿੱਖਿਆ ਕੇਂਦਰ ਵਿੱਚ ਲਗਾਉਣਾ ਚਾਹੀਦਾ ਹੈ। ਅਜਿਹੇ ਅਧਿਆਪਕ ਆਮ ਕਰਕੇ ਕੇਂਦਰਾਂ ਵਿਚ ਨਹੀਂ ਮਿਲਦੇ। ਉਸੇ ਇਲਾਕੇ ਦੇ ਦਸਵੀਂ ਪਾਸ ਮੁੰਡੇ ਜਾਂ ਕੁੜੀ ਨੂੰ ਮੁੰਡਿਆਂ ਜਾਂ ਕੁੜੀਆਂ ਦੇ ਕੇਂਦਰਾਂ ਵਿਚ ਇੰਨਸਟਰਕਟਰ ਲਗਾਇਆ ਜਾਂਦਾ ਹੈ। ਜਿਸ ਤੋਂ ਕਿ ਬਾਲਗ ਪੜ੍ਹਨਾ ਨਹੀਂ ਚਾਹੁੰਦੇ। ਇਸ ਲਈ ਉਹ ਕੇਂਦਰ ਛੱਡ ਜਾਂਦੇ ਹਨ। ਸਰਕਾਰ ਇਹਨਾਂ ਇੰਨਟਰਕਟਰਾਂ ਨੂੰ 100 ਰੁਪਏ ਮਹੀਨਾ ਹੀ ਦਿੰਦੀ ਹੈ ਜਿਸ ਨਾਲ ਅਧਿਆਪਕ ਦਾ ਆਉਣ ਜਾਣ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ ਤੇ ਤਜਰਬੇਕਾਰ ਅਧਿਆਪਕ ਇਨ੍ਹਾਂ ਕੇਂਦਰਾਂ ਵਿਚ ਨਹੀਂ ਆਉਂਦੇ।

**9. ਅਫਸਰਾਂ ਦੀ ਅਗਵਾਈ ਦੀ ਘਾਟ :**

30 ਕੇਂਦਰਾਂ ਉਪਰ ਇੱਕ ਸੁਪਰਵਾਇਜ਼ ਨਿਯੁਕਤ ਕੀਤਾ ਜਾਂਦਾ ਹੈ ਜੋ ਕਿ ਕੇਂਦਰਾਂ ਦੇ ਇੰਨਟਰਕਟਰਾਂ ਨੂੰ ਸਰਕਾਰ ਦੀਆਂ ਨੀਤੀਆਂ ਬਾਰੇ ਜਾਣਕਾਰੀ ਤੇ ਅਗਵਾਈ ਦਿੰਦਾ ਹੈ। ਸੁਪਰਵਾਇਜਰ ਦੇ ਉਪਰ ਪ੍ਰੋਜੈਕਟ ਅਫਸਰ ਹੁੰਦਾ ਹੈ ਜੋ ਕਿ ਸਾਰੇ ਜ਼ਿਲ੍ਹੇ ਦੇ ਸੁਪਰਵਾਇਜ਼ਰਾਂ ਨੂੰ ਅਗਵਾਈ ਦਿੰਦਾ ਹੈ। ਪ੍ਰੋਜੈਕਟ ਅਫਸਰ ਤੇ ਇੰਨਸਟਰਕਟਰ ਦਾ ਆਪਸ ਵਿੱਚ ਸਿੱਧਾ ਤਾਲਮੇਲ ਨਹੀਂ ਹੁੰਦਾ ਸੁਪਰਵਾਇਜ਼ਰ ਇਨ੍ਹਾਂ ਦੋਨਾਂ ਦੇ ਵਿਚਕਾਰ ਦੀ ਕੜੀ ਹੈ। ਸੁਪਰਵਾਇਜ਼ਰ ਕੋਲ 30 ਕੇਂਦਰ ਹੋਣ ਕਰਕੇ ਮਹੀਨੇ ਵਿੱਚ ਇੱਕ ਵਾਰ ਇੱਕ ਕੇਂਦਰ ਦੀ ਵਾਰੀ ਆਉਂਦੀ ਹੈ। ਜਿਸ ਕਰਕੇ ਉਥੇ ਦੀਆਂ ਸਮੱਸਿਆਵਾਂ ਨੂੰ ਸੁਝਾਉਣ ਲਈ ਸੁਪਰਵਾਇਜਰ ਤੇ ਪ੍ਰੋਜੈਕਟ ਅਫਸਰ ਅਸਫਲ ਰਹਿੰਦੇ ਹਨ। ਇਸ ਲਈ ਇੰਨਸਟਰਕੱਟਰ ਨੂੰ ਅਗਵਾਈ ਦੀ ਘਾਟ ਰਹਿੰਦੀ ਹੈ। ਜਿਸ ਕਰਕੇ ਉਹ ਕੇਂਦਰ ਸੁਚੱਜੇ ਢੰਗ ਨਾਲ ਨਹੀਂ ਚਲਾ ਸਕਦਾ।

**10. ਖੋਜ ਤੇ ਯੋਜਨਾਵਾਂ ਵਿੱਚ ਤਾਲਮੇਲ ਦੀ ਘਾਟ :**

ਸਾਡੇ ਦੇਸ਼ ਵਿੱਚ ਜਿਹੜੀਆਂ ਯੋਜਨਾਵਾਂ ਬਣਦੀਆਂ ਹਨ ਉਹ ਖੋਜ ਦੇ ਅਧਾਰ ਤੇ ਘੱਟ ਹੀ ਬਣਦੀਆਂ ਹਨ। ਖੋਜ ਰਾਹੀਂ ਹੀ ਅਸੀਂ ਪਤਾ ਲਗਾ ਸਕਦੇ ਹਾਂ ਕਿ ਬਾਲਗਾਂ ਨੂੰ ਬਾਲਗ ਸਿੱਖਿਆ ਕਿਵੇਂ, ਕਿਥੇ ਦੇਣੀ ਚਾਹੀਦੀ ਹੈ। ਉਸ ਇਲਾਕੇ ਦੀਆਂ ਕੀ ਸਮੱਸਿਆਵਾਂ ਹਨ। ਪਰ ਜੇਕਰ ਖੋਜਕਰਤਾ ਨਾਲ ਤਾਲਮੇਲ ਹੀ ਨਹੀਂ ਹੋਵੇਗਾ ਤੇ ਯੋਜਨਾ ਅਸਲੀ ਸਮੱਸਿਆ ਨੂੰ ਸਾਹਮਣੇ ਰੱਖਕੇ ਨਹੀਂ ਬਣਾਈ ਜਾਵੇਗੀ ਅਤੇ ਉਹ ਸਿਰਫ ਕਾਗਜਾ ਵਿੱਚ ਹੀ ਰਹਿ ਜਾਏਗੀ। ਇਸ ਲਈ ਖੋਜ ਤੇ ਯੋਜਨਾਵਾਂ ਬਣਾਉਣ ਵਾਲੀਆਂ ਕਮੇਟੀਆਂ ਵਿਚ ਤਾਲਮੇਲ ਦੀ ਘਾਟ ਵੀ ਇੱਕ ਸਮੱਸਿਆ ਹੈ।

**11. ਵਿੱਤ ਦੀ ਘਾਟ :**

ਫੰਡਾਂ ਤੋਂ ਬਿਨਾਂ ਕੋਈ ਪ੍ਰੋਗਰਾਮ ਪੂਰਾ ਨਹੀਂ ਹੋ ਸਕਦਾ। ਸਰਕਾਰ ਯੋਜਨਾ ਬਣਾ ਕੇ ਜਿੰਨਾ ਪੈਸਾ ਬਾਲਗ ਸਿੱਖਿਆ ਲਈ ਰਖਦੀ ਹੈ ਉਹ ਬਹੁਤ ਥੋੜ੍ਹਾ ਹੁੰਦਾ ਹੈ। ਬਾਲਗ ਸਿੱਖਿਆ ਲਈ ਥੋੜੇ ਫੰਡਾ ਕਰਕੇ ਹੀ ਪੂਰਾ ਪ੍ਰੋਗਰਾਮ ਸਿਰੇ ਨਹੀਂ ਚੜਦਾ। ਕੋਈ ਵੀ ਕੇਂਦਰ ਘੱਟ ਫੰਡ ਕਰਕੇ ਬੰਦ ਨਹੀਂ ਹੋਣਾ ਚਾਹੀਦਾ। ਹੁਣ ਸਮਾਂ ਇਹ ਹੈ ਕਿ ਅਸੀਂ ਸਿਖਿਆਰਥੀਆਂ ਦੀ ਗਿਣਤੀ ਤੇ ਧਿਆਨ ਨਾ ਦੇ ਕੇ ਉਨ੍ਹਾਂ ਨੂੰ ਵਧੀਆ ਪ੍ਰੋਗਰਾਮ ਦੇਣ ਤੇ ਜ਼ੋਰ ਦਈਏ।

**12. ਫਾਲੋ-ਅਪ ਦੀ ਘਾਟ :**

ਕੋਈ ਵੀ ਕੇਂਦਰ ਚਲਦੇ-ਚਲਦੇ 1 ਸਾਲ ਜਾਂ 1½ ਸਾਲ ਵਿੱਚ ਬੰਦ ਹੋ ਜਾਂਦਾ ਹੈ। ਜੇਕਰ ਸਿਖਿਆਰਥੀ ਸਾਲ, 1½ ਸਾਲ ਵਿੱਚ ਪੜ੍ਹੇ ਲਿਖੇ ਹੁੰਦੇ ਹਨ ਜੇਕਰ ਉਨਾਂ ਨੂੰ ਦੁਬਾਰਾ ਦੋ ਤਿੰਨ ਸਾਲ ਕੋਈ ਨਾ ਪੜ੍ਹਾਏ ਤਾਂ ਉਹ ਮੁੜ ਅਨਪੜ੍ਹ ਹੋ ਜਾਂਦੇ ਹਨ। ਇਸ ਲਈ ਸਰਕਾਰ ਨੇ 1988 ਵਿੱਚ ਜਨ ਸ਼ਿਕਸ਼ਨ ਨਿਲਾਅਮ ਦੇ ਤੌਰ ਤੇ ਫਾਲੋ ਅਪ ਪ੍ਰੋਗਰਾਮ ਸ਼ੁਰੂ ਕੀਤਾ ਸੀ। ਜਿਸ ਦਾ ਕੰਮ ਉਨ੍ਹਾਂ ਨਵ-ਸਾਖਰਾ ਨੂੰ ਪੜ੍ਹਾਉਣਾ, ਸਮੱਗਰੀ ਪਹੁੰਚਾਉਣਾ ਆਦਿ ਸੀ ਜੋ ਕਿ ਪਹਿਲਾ ਪੜ ਲਿਖ ਗਏ। ਪ੍ਰੰਤੂ ਇਹ ਫਾਲੋ ਅਪ ਪ੍ਰੋਗਰਾਮ ਪੂਰੀ ਤਰਾਂ ਆਪਣਾ ਕੰਮ ਨਹੀਂ ਕਰ ਸਕਿਆ ਜਿਸ ਕਰਕੇ

ਜਿਥੇ-ਜਿਥੇ (T.L.C.) ਪੂਰਨ ਸਾਖਰਤਾ ਮੁਹਿਮ ਚਲਾਈ ਵੀ ਗਈ ਮੁੜ ਉਥੋਂ ਦੇ ਲੋਕ ਦੇ ਤਿੰਨ ਸਾਲ ਬਾਅਦ ਅਨਪੜ੍ਹ ਹੋ ਗਏ।

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਬਾਲਗ ਸਿੱਖਿਆ ਪ੍ਰੋਗਰਾਮ ਦੇ ਅਸਫਲ ਹੋਣ ਦੇ ਖੋਜੀਆਂ ਦੁਆਰਾ ਦਰਸਾਏ ਵੱਖ-ਵੱਖ ਕਾਰਨਾਂ ਵਿੱਚ ਮੌਸਮੀ ਘਰੇਲੂ ਕਾਰਜ ਅਤੇ ਪਰਿਵਾਰਕ ਸਮੱਸਿਆਵਾਂ, ਪ੍ਰੇਰਣਾ ਦੀ ਘਾਟ, ਰੁਚੀ ਦੀ ਘਾਟ, ਕੇਂਦਰ ਦੀ ਅਸੁਵਿਧਾਜਨਕ ਸਥਿਤੀ, ਕਲਾਸਾਂ ਦਾ ਸਮਾਂ ਠੀਕ ਨਾ ਹੋਣਾ, ਵਰਕਰਾਂ ਤੇ ਸੁਪਵਾਇਜ਼ਰ ਵਿੱਚ ਤਾਲਮੇਲ ਦੀ ਘਾਟ, ਫਾਲੋ ਅਪ ਦੀ ਘਾਟ ਆਦਿ ਸ਼ਾਮਿਲ ਹਨ। ਇਹ ਯੋਜਨਾਵਾਂ ਤਾਂ ਹੀ ਸਫਲ ਹੋ ਸਕਦੀਆਂ ਹਨ ਜੇ ਕਰ ਆਮ ਜਨਤਾ ਜਾਂ ਸਵੈ ਇੱਛਤ ਸੰਸਥਾਵਾਂ ਪੰਚਾਇਤਾਂ, ਮਹਿਲਾ ਮੰਡਲਾਂ, ਸਵੈ-ਇਛੁੱਕ ਸੰਗਠਨਾਂ, ਵਿਦਿਆਰਥੀਆਂ ਅਧਿਆਪਕਾਂ, ਕਰਮਚਾਰੀਆਂ, ਟਰੇਡ ਯੂਨੀਅਨਾ ਅਤੇ ਭਾਈਚਾਰੇ ਦੀ ਸਹਾਇਤਾ ਨਾਲ ਲੋਕ ਲਹਿਰ ਅਤੇ ਨਿਸ਼ਚਿਤ ਕਾਲੀ ਮੁਹਿੰਮਾਂ ਦੁਆਰਾ ਇਸ ਪ੍ਰੋਗਰਾਮ ਦੀ ਪ੍ਰਾਪਤੀ ਤੇ ਜੋਰ ਦਿੱਤਾ ਜਾਣਾ ਚਾਹੀਦਾ ਹੈ।

**2.1.6 ਨਿਰੰਤਰ ਸਿੱਖਿਆ :**

ਨਿਰੰਤਰ ਵਿਦਿਆ ਵਿੱਚ ਸ਼ਾਮਿਲ ਹੁੰਦਾ ਹੈ, ਨਵੀਨ ਸਾਖਤਰਾ ਪ੍ਰਾਪਤ ਵਿਅਕਤੀਆਂ ਅਤੇ ਸਕੂਲ ਦੀ ਸਿੱਖਿਆ ਪ੍ਰਾਪਤ ਕਰ ਜਾਣ ਵਾਲਿਆਂ ਲਈ ਅਗਲੇਰੀ ਵਿੱਦਿਆ ਜਾਰੀ ਰੱਖਣਾ ਅਤੇ ਪ੍ਰਾਪਤ ਕੀਤੀ ਸਿੱਖਿਆ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ। ਇਸ ਵਿੱਚ ਨਵੇਂ ਸੰਕਲਪ ਜਿਸ ਨੂੰ ਜੀਵਨ ਭਰ ਦੀ ਸਿੱਖਿਆ ਕਿਹਾ ਜਾਂਦਾ ਹੈ, ਨੂੰ ਵੀ ਜੀਵਨ ਵਿੱਚ ਲਾਗੂ ਕਰਨਾ ਵੀ ਸ਼ਾਮਿਲ ਹੁੰਦੀ ਹੈ ਕਿਉਂਕਿ ਗਿਆਨ ਦਾ ਭੰਡਾਰ ਇਸ ਗਤੀ ਨਾਲ ਵਧ ਰਿਹਾ ਹੈ ਕਿ ਵਿਅਕਤੀਆਂ ਦਾ ਗਿਆਨ ਭੰਡਾਰ ਤੇ ਮਸ਼ੀਨਾਂ ਦਾ ਪ੍ਰਯੋਗ ਆਮ ਕਰਕੇ ਦਸ ਸਾਲਾਂ ਵਿੱਚ ਏਨਾ ਪੁਰਾਣਾ ਹੋ ਜਾਂਦਾ ਹੈ ਕਿ ਕਾਮਿਆਂ ਨੂੰ ਨਵਾਂ ਗਿਆਨ ਗ੍ਰਹਿਣ ਕਰਨਾ ਪੈਂਦਾ ਹੈ ਤਾਂ ਕਿ ਉਨ੍ਹਾਂ ਦਾ ਗਿਆਨ ਨਰੋਆ ਰਹੇ। ਅਜਿਹਾ ਕਰਨ ਲਈ ਹੇਠ ਲਿਖੀਆਂ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ।

(ੳ) ਜਨ ਸ਼ਿਕਸ਼ਾ ਨਿਲੀਆਮਾਂ ਨੂੰ ਸ਼ਕਤੀਸ਼ਾਲੀ ਬਨਾਉਣਾ (Strengthening the Jan Shiksha Nilayams) **:** ਇਹ ਸਕੀਮ ਪਹਿਲਾਂ ਹੀ ਭਾਰਤ ਵਿੱਚ ਲਾਗੂ ਹੋਈ ਹੈ ਅਤੇ ਹੁਣ ਇਸ ਨੂੰ ਇਸ ਪ੍ਰਕਾਰ ਫੈਲਾਇਆ ਜਾਣਾ ਹੈ ਕਿ 5000 ਵਿਅਕਤੀਆਂ ਦੀ ਆਬਾਦੀ ਤੋਂ ਇਸ ਨੂੰ ਲਾਗੂ ਕੀਤਾ ਜਾ ਸਕੇ। ਇਸ ਨੂੰ ਬਾਲਗ ਵਿੱਦਿਆ ਨਾਲ, ਐਨ. ਐਲ. ਐਮ. ਨਾਲ ਤੇ ਗੈਰ ਰਸਮੀ ਵਿੱਦਿਆ ਨਾਲ ਜੋੜ ਕੇ ਨਿਰੰਤਰ ਵਿੱਦਿਆ ਲਈ ਪ੍ਰਯੋਗ ਵਿੱਚ ਲੈ ਆਉਣ ਲਈ ਲਾਇਬਰੇਰੀ, ਅਖਬਾਰ ਪੜ੍ਹਨ ਲਈ ਸੁਵਿਧਾਵਾਂ, ਚਰਚਾ, ਸਭਿਆਚਾਰਕ ਕ੍ਰਿਆਵਾ, ਰੇਡੀਓ ਤੇ ਟੀ.ਵੀ. ਦੀਆਂ ਸੁਵਿਧਾਵਾਂ ਰਾਹੀਂ ਲਗਾਤਾਰ ਵਿੱਦਿਆ ਦੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।

(ਅ) ਰੋਜ਼ਗਾਰ ਦਾਤਾ, ਕਾਮਿਆਂ ਦੇ ਸੰਗਠਨ ਤੇ ਸਰਕਾਰ ਦੇ ਵਿਚਕਾਰ, ਕਾਰਗਰ ਢੰਗ ਨਾਲ, ਵਿਉਂਤਬੱਧ ਵਿਧੀ ਨਾਲ ਕਾਮਿਆਂ ਦੇ ਸਿਖਸ਼ਣ ਦਾ ਪ੍ਰਬੰਧ ਕਰਨਗੇ ਤਾਂ ਕਿ ਉਨ੍ਹਾਂ ਦੀ ਵਿਦਿਆ ਦਾ ਢੰਗ ਸੁਖਾਵਾਂ ਤੇ ਉਨ੍ਹਾਂ ਦੀ ਸਕਿਲ ਵਿੱਚ ਵਾਧਾ ਹੋਵੇ ਤੇ ਕਾਮਿਆਂ ਦੀਆਂ ਕੰਮ ਕਰਨ ਦੀਆਂ ਸੁਵਿਧਾਵਾਂ ਵਿੱਚ ਵਾਧਾ ਹੋਵੇ।

(ੲ) ਸਾਰੀਆਂ ਦੀਆਂ ਸਾਰੀਆਂ ਸੈਕੰਡਰੀ ਤੇ ਉਪਰਲੀ ਪੱਧਰ ਦੀਆਂ ਵਿੱਦਿਅਕ ਸੰਸਥਾਵਾਂ ਜਿਸ ਤਰ੍ਹਾਂ ਕਿ ਯੂਨੀਵਰਸਿਟੀਆਂ, ਕਾਲਜਾਂ ਤੇ ਪੋਲੀਟੈਕਨੀਕਾਂ ਨੂੰ ਐਕਸਟੈਨਸ਼ਨ ਵਿੱਦਿਆ ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਕਿ ਆਮ ਲੋਕਾਂ ਨੂੰ ਠੀਕ ਸੂਚਨਾ ਪ੍ਰਦਾਨ ਕਰਨੀ ਚਾਹੀਦੀ ਹੈ ਜਿਸ ਤਰ੍ਹਾਂ ਕਿ ਸਿਹਤ ਨਾਲ ਸਬੰਧਤ ਸੂਚਨਾ ਬਾਰੇ ਕੀਤਾ ਜਾ ਸਕਦਾ ਹੈ। ਅੱਜ ਏਡਜ਼ ਬਾਰੇ ਸੂਚਨਾ ਪ੍ਰਦਾਨ ਕਰਨ ਦੀ ਲੋੜ ਹੈ।

(ਸ) ਲਾਇਬਰੇਰੀਆਂ ਤੇ ਅਖਬਾਰਾਂ ਆਦਿ ਪੜ੍ਹਨ ਦੇ ਕਮਰੇ ਆਮ ਲੋਕਾਂ ਲਈ ਖੁਲ੍ਹਣੇ ਚਾਹੀਦੇ ਹਨ ਤਾਂ ਕਿ ਲੋਕ ਉਨ੍ਹਾਂ ਦਾ ਲਾਭ ਉਠਾਉਣ ਅਤੇ ਅਜਿਹਾ ਕਰਨ ਲਈ

ਵਲੰਟੀਅਰ ਸੰਸਥਾਵਾਂ ਨੂੰ ਗ੍ਰਾਂਟਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।

(ਹ) ਵਿਦਿਅਕ ਟੈਕਨਾਲੋਜੀ ਜਿਸ ਤਰ੍ਹਾਂ ਕਿ ਮਾਸ-ਮੀਡੀਆ, ਰੇਡੀਓ, ਟੀ.ਵੀ., ਫਿਲਮ ਸਟਰਿਪ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਕਿ ਉਹ ਲੋੜੀਂਦੀ ਸੂਚਨਾ, ਕਾਰਗਰ ਢੰਗ ਨਾਲ ਪ੍ਰਦਾਨ ਕਰਨ।

(ਕ) ਵੋਕੇਸ਼ਨਲ ਤੇ ਟੈਕਨੀਕਲ ਵਿੱਦਿਆ ਦੇ ਖੇਤਰ ਵਿੱਚ ਲੋਕਾਂ ਦੀਆਂ ਲੋੜਾਂ ਨੂੰ ਮੁੱਖ ਰਖਦਿਆਂ ਹੋਇਆ, ਗੈਰ ਰਸਮੀ ਵਿੱਦਿਆ ਦੀਆਂ ਸੁਵਿਧਾਵਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ। ਹੁਣ ਚਲਾਈਆਂ ਜਾ ਰਹੀਆਂ ਸਕੀਮਾਂ ਟਰਾਈਸਮ (Trysem) ਕ੍ਰਿਸ਼ੀ ਵਿਗਿਆਨ ਕੇਂਦਰ, ਕਿਸਾਨਾਂ ਦੇ ਸਿਖਲਾਈ ਕੇਂਦਰ ਆਦਿ ਨੂੰ ਥੋੜ੍ਹੇ ਸਮੇਂ ਦੇ ਕੋਰਸਾਂ ਦੀਆਂ ਵਿਦਿਅਕ ਤੇ ਟੈਕਨੀਕਲ ਸੰਸਥਾਵਾ ਦੁਆਰਾ ਕੰਮ ਕਰਨੇ ਚਾਹੀਦੇ ਹਨ।

ਨਿਰੰਤਰ ਵਿੱਦਿਆ ਤੋਂ ਭਾਵ ਉਹ ਵਿੱਦਿਆ ਹੁੰਦੀ ਹੈ ਜੋ ਕਿ ਉਨ੍ਹਾਂ ਵਿਅਕਤੀਆਂ ਲਈ ਹੁੰਦੀ ਹੈ। ਜਿਨ੍ਹਾਂ ਦਾ ਕੋਈ ਵਿਦਿਅਕ ਪਿਛੋਕੜ ਹੋਵੇ। ਇਹ ਉਨ੍ਹਾਂ ਲਈ ਨਹੀਂ ਹੁੰਦੀ ਜੋ ਕਿ ਅਨਪੜ੍ਹ ਹੋਣ। ਉਹ ਪੁਰਾਣਾ ਸੰਕਲਪ ਕਿ ਉਹ ਜੋ ਕਿ ਕਿਸੇ ਨੂੰ ਪੜ੍ਹਾਉਣਾ ਹੁੰਦਾ ਹੈ ਕਿਸੇ ਖਾਸ ਸਮੇਂ, ਖਾਸ ਉਮਰ ਵਿੱਚ ਹੀ ਪੜ੍ਹਾਇਆ ਜਾ ਸਕਦਾ ਹੈ, ਹੁਣ ਦੀ ਦੁਨੀਆਂ ਵਿੱਚ ਠੀਕ ਨਹੀਂ ਰਿਹਾ। ਹੁਣ ਤਾਂ ਖੋਜ ਨੇ ਨਿਰਸੰਦੇਹ ਇਹ ਸਾਬਤ ਕਰ ਦਿੱਤਾ ਹੈ ਕਿ ਪੜ੍ਹਨ ਲਿਖਣ ਲਈ ਕੋਈ ਸਮਾਂ ਜਾਂ ਉਮਰ ਨਿਸ਼ਚਿਤ ਨਹੀਂ ਹੁੰਦੀ ਅਤੇ ਵੱਖ-ਵੱਖ ਵਿਅਕਤੀ ਵੱਖ-ਵੱਖ ਗਤੀ ਨਾਲ ਪੜ੍ਹ ਸਕਦੇ ਹਨ। ਹੁਣ ਤਾਂ ਇਹ ਸੋਚਿਆ ਜਾਂਦਾ ਹੈ ਕਿ ਕਿਸੇ ਸੰਸਥਾ ਵਿੱਚ ਪ੍ਰਾਪਤ ਕੀਤੀ ਵਿੱਦਿਆ ਨੂੰ ਅੱਗੇ ਨਿਰੰਤਰ ਵਿੱਦਿਆ ਵੀ ਬਣਾਇਆ ਜਾ ਸਕਦਾ ਹੈ। ਇਸ ਨੂੰ ਹੇਠ ਲਿਖੇ ਸਾਧਨਾਂ ਰਾਹੀਂ ਪ੍ਰਦਾਨ ਕੀਤਾ ਜਾ ਸਕਦਾ ਹੈ।

* ਜਨਤਾ ਕਾਲਜ ਜਾਂ ਵਿਦਿਆਪੀਠ ਵਰਗੀਆਂ ਸੰਸਥਾਵਾਂ ਵਿੱਚ ਖੁੱਲੀ ਡੁਲ੍ਹੀ ਕਿੱਤਾਕਾਰੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਇਹ ਸੰਸਥਾ ਸਿਰਫ ਜ਼ਿਨ੍ਹਾਂ ਲੋਕਾਂ ਦੀਆਂ ਵਿਦਿਅਕ ਲੋੜਾਂ ਪੂਰੀਆਂ ਕਰਦੀ ਹੈ ਉਨ੍ਹਾਂ ਦਾ ਕੁਝ ਵਿੱਦਿਅਕ ਪਛੋਕੜ ਹੈ।
* ਪੋਲੀਵੇਲੇਟ ਬਾਲਗ ਸਿੱਖਿਆ ਕੇਂਦਰ ਕੰਮ ਤੇ ਲੱਗੇ ਹੋਏ ਕਾਮਿਆਂ ਲਈ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਕੰਮ ਸਿਖਾਉਂਦੇ ਹਨ। ਸਿਖਲਾਈ ਉਨਾਂ ਦੀਆਂ ਜ਼ਰੂਰਤਾਂ ਮੁਤਾਬਿਕ ਦਿੱਤੀ ਜਾਂਦੀ ਹੈ।
* ਇਸਤਰੀਆਂ ਦੇ ਸੰਯੁਕਤ ਕੋਰਸਾਂ ਰਾਹੀ, ਉਨ੍ਹਾਂ ਇਸਤਰੀਆਂ ਜਿਨ੍ਹਾਂ ਨੂੰ ਕਿ ਪੜ੍ਹਾਈ ਜਾਂ ਆਪਣਾ ਕੰਮ ਛੱਡ ਦਿੱਤਾ ਹੈ ਨੂੰ ਮੁੜ ਸਿਖਲਾਈ ਪ੍ਰਦਾਨ ਕਰਨਾ ਹੈ।
* ਯੂਨੀਵਰਸਿਟੀਆਂ ਵਿੱਚ ਸਥਾਪਿਤ ਬਾਲਗ ਅਤੇ ਨਿਰੰਤਰ ਸਿੱਖਿਆ ਦੇ ਕੇਂਦਰ ਕਈ ਪ੍ਰਕਾਰ ਦੇ ਵੱਖ-ਵੱਖ ਭਾਂਤ ਦੇ ਨਿਰੰਤਰ ਸਿੱਖਿਆਂ ਦੇ ਕੰਮ ਚਲਾਉਂਦੇ ਹਨ।
* ਪੱਤਰ ਵਿਹਾਰ ਸਿੱਖਿਆ ਰਾਹੀ ਵੀ ਉਨ੍ਹਾਂ ਬਾਲਗਾਂ ਨੂੰ ਜੋ ਕਿ ਕਿਸੇ ਕਾਰਨ ਕਰਕੇ ਪੜਾਈ ਛੱਡ ਗਏ ਪਰ ਹੁਣ ਅਗੇ ਪੜ੍ਹਨ ਦੇ ਇਛੁੱਕ ਹਨ ਨੂੰ ਪੜ੍ਹਾਈ ਕਰਵਾਈ ਜਾਂਦੀ ਹੈ।
* ਓਪਨ ਯੂਨੀਵਰਸਿਟੀ ਤੇ ਓਪਨ ਸਕੂਲਾਂ ਰਾਹੀਂ ਵੀ ਅਗੇ ਸਿੱਖਿਆ ਜਾਰੀ ਰਖਣ ਦੇ ਪ੍ਰੋਗਰਾਮ ਦਿਤੇ ਜਾਂਦੇ ਹਨ।
* ਬਾਲਗ ਸਕੂਲਾਂ ਰਾਹੀਂ ਵੀ ਬਾਲਗ ਸਿੱਖਿਆ ਪ੍ਰੋਗਰਾਮ ਅਜਿਹੇ ਬਣਾਏ ਜਾਂਦੇ ਹਨ ਜਿਨ੍ਹਾਂ ਵਿੱਚ ਕੰਮ ਜਾਂ ਬਹੁਤ ਸਵੇਰੇ ਜਾਂ ਸ਼ਾਮ ਨੂੰ ਜਾਂ ਫਿਰ ਛੁੱਟੀ ਵਾਲੇ ਦਿਨ ਹੀ ਸਿਖਾਇਆ ਜਾਂਦਾ ਹੈ।

**2.1.7 ਸਾਰ :**

ਬਾਲਗ ਸਿੱਖਿਆ ਦੋ ਸ਼ਬਦਾਂ ਦਾ ਸੁਮੇਲ ਹੈ ਬਾਲਗ ਅਤੇ ਸਿੱਖਿਆ। ਬਾਲਗ ਸਿੱਖਿਆ ਵਿਚ ਉਹ ਸਾਰੀਆਂ ਗਤੀਵਿਧੀਆਂ ਆਉਂਦੀਆਂ ਹਨ ਜਿਹੜੀਆਂ ਕੋਈ ਵੀ ਵਿਅਕਤੀ ਆਪਣੇ ਸਧਾਰਨ ਕੰਮ-ਕਾਰ ਸਮੇਂ ਕਰਦਾ ਹੈ ਤੇ ਆਪਣੀ ਸ਼ਕਤੀ ਦਾ ਕੁਝ ਹਿੱਸਾ ਮਾਨਸਿਕ ਉਸਾਰੀ ਲਈ ਵਰਤਦਾ ਹੈ। ਬਾਲਗ ਸਿੱਖਿਆ ਕੇਵਲ ਅੱਖਰ ਬੋਧ ਤੱਕ ਸੀਮਿਤ ਨਹੀਂ ਹੈਂ ਸਗੋਂ ਇਹ ਤਾਂ ਸਾਰੇ ਜੀਵਨ ਦੀ ਸਿੱਖਿਆ ਹੈ ਅਤੇ ਨਾ ਹੀ ਲਿਖਣ ਪੜ੍ਹਨ ਅਤੇ ਗਣਿਤ ਦੀ ਸਿੱਖਿਆ ਤੱਕ ਹੀ ਸੀਮਤ ਹੈ। ਬਾਲਗ ਸਿੱਖਿਆ ਦੇ ਉਦੇਸ਼ ਹਨ ਜਿਵੇਂ ਕਿ ਸਰੀਰਕ ਵਿਕਾਸ, ਮਾਨਸਿਕ, ਸਮਾਜਿਕ ਨਿਪੁੰਨਤਾਵਾਂ ਦਾ ਵਿਕਾਸ, ਸਭਿਆਚਾਰਿਕ ਵਿਕਾਸ ਵਿਵਸਾਇਕ ਅਤੇ ਸਹਿਕਾਰੀ ਸਮੁਦਾਇ ਤੇ ਸੰਸਥਾਵਾਂ ਦਾ ਨਿਰਮਾਣ ਕਰਨਾ ਆਦਿਕ। ਬਾਲਗ ਸਿੱਖਿਆ ਦੀ ਮਹੱਤਤਾ ਹੈ ਜਿਵੇਂ ਕਿ ਅਨਪੜ੍ਹਤਾ ਦੂਰ ਕਰਨ ਲਈ, ਮਾਨਸਿਕ ਵਿਕਾਸ ਲਈ, ਪ੍ਰਾਇਮਰੀ ਸਿੱਖਿਆ ਨੂੰ ਸਰਬ-ਵਿਆਪਕ ਬਣਾਉਣ ਲਈ ਅਤੇ ਨਿਰੰਤਰ ਸਿੱਖਿਆ ਪ੍ਰਦਾਨ ਕਰਨ ਲਈ। ਬਾਲਗ ਸਿੱਖਿਆ ਪ੍ਰੋਗਰਾਮ ਦੇ ਵਿੱਚ ਕਈ ਸਮੱਸਿਆਵਾਂ ਵੀ ਆਉਂਦੀਆਂ ਹਨ ਜਿਵੇਂ ਕਿ ਪ੍ਰੇਰਣਾ ਦੀ ਘਾਟ, ਵਿੱਤ ਦੀ ਘਾਟ, ਵੱਧਦੀ ਜਨਸੰਖਿਆ, ਕੇਂਦਰ ਦੇ ਸਮੇਂ, ਲੋਕਾ ਦੀ ਸਮੂਲੀਅਤ ਦੀ ਘਾਟ ਆਦਿ ਫਿਰ ਵੀ ਜੇਕਰ ਸਾਰੇ ਲੋਕ ਚਾਹੁਣ ਤਾਂ ਸਵੈ ਇੱਛਾ ਸੰਸਥਾਵਾਂ ਰਾਹੀਂ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਕੇ ਪ੍ਰੋਗਰਾਮ ਨੂੰ ਵਧੀਆ ਢੰਗ ਨਾਲ ਚਲਾਇਆ ਜਾ ਸਕਦਾ ਹੈ ਤੇ ਭਾਰਤ 100% ਸਾਖਰਤਾ ਪ੍ਰਾਪਤ ਕਰ ਸਕਦਾ ਹੈ।

**2.1.8 ਅਭਿਆਸ ਪ੍ਰਸ਼ਨ :**

1. ਬਾਲਗ ਸਿੱਖਿਆ ਤੋਂ ਤੁਹਾਡਾ ਕੀ ਭਾਵ ਹੈ? ਬਾਲਗ ਸਿੱਖਿਆ ਸਰੂਪ ਦਾ ਵਰਣਨ ਕਰੋ?
2. ਭਾਰਤ ਵਿਚ ਬਾਲਗ ਸਿੱਖਿਆ ਦੇ ਕੀ ਉਦੇਸ਼ ਹਨ? ਕੀ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਹੋ ਰਹੀ ਹੈ।
3. ਬਾਲਗ ਸਿੱਖਿਆ ਦੀ ਲੋੜ ਤੇ ਮਹੱਤਤਾ ਲਿਖੋ।
4. ਬਾਲਗ ਸਿੱਖਿਆ ਪ੍ਰੋਗਰਾਮ ਚਲਾਉਣ ਲਈ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ?
5. ਨਿਰੰਤਰ ਸਿੱਖਿਆ ਤੋਂ ਤੁਹਾਡਾ ਕੀ ਭਾਵ ਹੈ ? ਨਿਰੰਤਰ ਸਿੱਖਿਆ ਦੀ ਲੋੜ ਤੇ ਮਹੱਤਤਾ ਦੀ ਚਰਚਾ ਕਰੋ।
6. ਹੇਠ ਲਿਖੀਆਂ ਤੇ ਨੋਟ ਲਿਖੋ।
   (i) ਨਿਰੰਤਰ ਸਿੱਖਿਆ
   (ii) ਬਾਲਗ ਸਿੱਖਿਆ।

**2.1.9 ਸੁਝਾਈਆਂ ਪੁਸਤਕਾਂ :**


1. ਸ਼ਰਮਾ, ਟੀ.ਆਰ. : ਭਾਰਤੀ ਸਿੱਖਿਆ ਅਤੇ ਇਸ ਦੀਆਂ ਸਮੱਸਿਆਵਾਂ।
2. ਸੋਢੀ, ਟੀ. ਐਸ. : ਭਾਰਤ ਵਿਚ ਵਿਦਿਅਕ ਸਿਸਟਮ ਦਾ ਵਿਕਾਸ।
3. ਰਣਜੀਤ ਸਿੰਘ : ਬਾਲਗ ਸਿੱਖਿਆ।
4. Kundu, C.L. : Adult Education, Principles Practice and Prospects
5. Mohanty, S.B. : Non-formal Educations
6. Sharma, S.R. : Development of Adult Education in India

## ਸਮਾਜ ਦੇ ਕਮਜ਼ੋਰ ਵਰਗਾਂ ਦੀ ਸਿੱਖਿਆ : ਸਮੱਸਿਆਵਾਂ ਤੇ ਸੰਭਾਵਨਾਵਾਂ

ਪਾਠ ਨੰ: 2.2

ਲੇਖਕ : ਡਾ. ਤਸਨੀਮ ਖ਼ਾਨ

ਪਾਠ ਬਣਤਰ :

2.2.1 ਉਦੇਸ਼ (**Objectives**)
2.2.2 ਭੂਮਿਕਾ (**Introduction**)
2.2.3 ਲੋੜ ਅਤੇ ਮਹੱਤਤਾ (**Need and Importance**)
2.2.4 ਸਮਾਜ ਦੇ ਕਮਜ਼ੋਰ ਵਰਗਾਂ ਦੇ ਵਿਦਿਅਕ ਪਛੜੇਪਨ ਦੇ ਕਾਰਨ
1. ਪੁਰਾਤਨ ਸਮੇਂ ਵਿੱਚ ਵਿਦਿਆ ਪ੍ਰਾਪਤੀ ਦੇ ਹੱਕ ਹਾਸਲ ਨਾ ਹੋਣਾ
2. ਆਰਥਿਕ ਸਾਧਨਾਂ ਦੀ ਘਾਟ।
3. ਯੋਗ ਅਗਵਾਈ ਦੀ ਘਾਟ ਹੋਣਾ।
2.2.5 ਕਮਜ਼ੋਰ ਵਰਗਾਂ ਦੀ ਵਿਦਿਆ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ
1. ਪੜ੍ਹਾਈ ਦਾ ਨੀਵਾਂ ਪੱਧਰ
2. ਵਿਦਿਆ ਨੂੰ ਵਿੱਤ ਦੀ ਘਾਟ।
3. ਫੇਲ੍ਹ ਹੋਣ ਤੇ ਪੜ੍ਹਾਈ ਛੱਡਣ ਦੀ ਸਮੱਸਿਆ
4. ਸਿੱਖਿਆ ਦੇ ਮਿਆਰ ਵਿੱਚ ਗਿਰਾਵਟ।
5. ਕਮਜ਼ੋਰ ਵਰਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਦੁਰ-ਉਪਯੋਗ।
2.2.6 ਕਮਜ਼ੋਰ ਵਰਗਾਂ ਦੀ ਸਿੱਖਿਆ ਲਈ ਉਲੀਕੇ ਪ੍ਰੋਗਰਾਮ
2.2.7 ਅਭਿਆਸ ਪ੍ਰਸ਼ਨ
2.2.8 ਸੁਝਾਈਆਂ ਪੁਸਤਕਾਂ

### 2.2.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ ਕਮਜ਼ੋਰ ਵਰਗਾਂ ਦੀ ਸਿੱਖਿਆ ਨਾਲ ਸਬੰਧਤ ਹੇਠ ਲਿਖੀ ਜਾਣਕਾਰੀ ਹਾਸਲ ਕਰ ਸਕਣਗੇ।

1. ਸਮਾਜ ਦੇ ਕਮਜ਼ੋਰ ਵਰਗਾਂ ਦੀ ਸਿੱਖਿਆ ਕਿਉਂ ਮਹੱਤਵਪੂਰਨ ਹੈ।
2. ਕਮਜ਼ੋਰ ਵਰਗਾਂ ਦੇ ਪਛੜੇਪਨ ਦੇ ਕੀ ਕਾਰਨ ਹਨ।
3. ਕਮਜ਼ੋਰ ਵਰਗਾਂ ਦੀ ਵਿਦਿਆ ਦੀਆਂ ਕੀ ਸਮੱਸਿਆਵਾਂ ਹਨ।
4. ਕਮਜ਼ੋਰ ਵਰਗਾਂ ਦੀ ਸਿੱਖਿਆ ਸੰਬੰਧੀ ਸਰਕਾਰ ਦੀਆਂ ਕੀ ਨੀਤੀਆਂ ਹਨ।
5. ਕਮਜ਼ੋਰ ਵਰਗਾਂ ਦੀ ਸਿੱਖਿਆ ਦੀਆਂ ਕੀ ਸੰਭਾਵਨਾਵਾਂ ਹਨ।

### 2.2.2 ਭੂਮਿਕਾ (**Introduction**) :

ਭਾਰਤੀ ਸਮਾਜ ਵਿਚ ਕਮਜ਼ੋਰ ਵਰਗਾਂ ਤੋਂ ਭਾਵ ਉਹ ਵਰਗ ਹਨ ਜਿੰਨ੍ਹਾਂ ਨੂੰ ਪਛੜੀਆਂ ਸ਼੍ਰੇਣੀਆਂ,ਪਛੜੇ ਕਬੀਲੇ, ਅਨੁਸੂਚਿਤ ਜਾਤੀਆਂ ਕਿਹਾ ਜਾਂਦਾ ਹੈ। ਇੰਨ੍ਹਾਂ ਵਰਗਾਂ ਤੋਂ ਇਲਾਵਾ ਇਸਤਰੀਆਂ ਨੂੰ ਵੀ ਸਿੱਖਿਆ ਦੇ ਸੰਬੰਧ ਵਿਚ ਕਮਜ਼ੋਰ ਵਰਗਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਜਾਂਦਾ ਹੈ।

ਸਿਖਿਆ ਦਾ ਇਕ ਮਹੱਤਪੂਰਣ ਉਦੇਸ਼ ਸਮਾਜ ਦੇ ਕਮਜ਼ੋਰ ਵਰਗਾਂ ਤੇ ਵਿਅਕਤੀਆਂ ਨੂੰ ਆਪਣੀ ਸਮਾਜਿਕ ਤੇ ਆਰਥਿਕ ਦਸ਼ਾ ਵਿਚ ਸੁਧਾਰ ਕਰਨ ਲਈ ਇਸਤੇਮਾਲ ਕਰਨ ਦੇ ਯੋਗ ਬਣਾਉਣਾ ਹੈ। ਕਿਸੀ ਵੀ ਸਮਾਜ ਨੇ ਜੋ ਮਨੁੱਖੀ ਕਦਰਾਂ-ਕੀਮਤਾਂ ਨੂੰ ਪਿਆਰ ਕਰਦਾ ਹੈ, ਸਮਾਜ ਦੀ ਸਮੁੱਚੀ ਪ੍ਰਤਿਭਾ ਦਾ ਵਿਕਾਸ ਕਰਨਾ ਚਾਹੁੰਦਾ ਹੈ ਅਤੇ ਆਮ ਲੋਕਾਂ ਦਾ ਜੀਵਨ ਜ਼ਿਆਦਾ ਸੁਖੀ ਬਣਾਉਣਾ ਚਾਹੁੰਦਾ ਹੈ, ਕਮਜ਼ੋਰ ਵਰਗਾਂ ਤੇ ਵਿਅਕਤੀਆਂ ਦੀ ਵਿਦਿਆ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਦੇਸ਼ ਦੀ ਮਨੁੱਖੀ ਸਾਧਨਾਂ ਦੇ ਵਿਕਾਸ ਵਿਚ ਸਿੱਖਿਆ ਇਕ ਬਹੁਤ ਮਹੱਤਵਪੂਰਨ ਸਾਧਨ ਹੈ। ਰਾਸ਼ਟਰੀ ਵਿਦਿਆ ਨੀਤੀ 1986 ਦੇਸ਼ ਦੀ ਵਿਦਿਅਕ ਪ੍ਰਣਾਲੀ ਨੂੰ ਇਕ ਅਜਿਹਾ ਰੂਪ ਦੇਣਾ ਚਾਹੁੰਦੀ ਹੈ ਜਿਸ ਨਾਲ ਸਿੱਖਿਆ ਸਮਾਜ ਦੀ ਲੋਕਤੰਤਰੀ ਕਰਨ ਦੀ ਲਹਿਰ ਨੂੰ ਸ਼ਕਤੀ ਮਿਲੇ, ਉਤਪਾਦਕਤਾ ਵਿਚ ਵਾਧਾ ਹੋਵੇ ਅਤੇ ਸਭਿਆਚਾਰਕ ਪਛਾਣ ਤੇ ਰਾਸ਼ਟਰੀ ਏਕਤਾ ਨੂੰ ਬਲ ਮਿਲੇ ਅਤੇ ਪਛੜੀਆਂ ਸ੍ਰੇਣੀਆਂ ਨੂੰ ਦੂਜੀਆਂ ਸ੍ਰੇਣੀਆਂ ਨਾਲੋਂ ਕਿਸੀ ਵੀ ਹਾਲਤ ਵਿਚ ਪਿੱਛੇ ਨਾ ਰਹਿਣ ਦੇਵੇਗੀ, ਅਰਥਾਤ ਸਮਾਜ ਵਿਚ ਵਿਦਿਆ ਮੌਕਿਆਂ ਦੀ ਹਰ ਪ੍ਰਕਾਰ ਦੀ ਨਾ ਬਰਾਬਰੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

**2.2..3 ਲੋੜ ਅਤੇ ਮਹੱਤਤਾ (Need and importance) :**

ਅੱਜ ਦਾ ਯੁੱਗ ਸਾਇੰਸ ਤੇ ਤਕਨਾਲੋਜੀ ਦਾ ਯੁੱਗ ਹੈ। ਉਤਪਾਦਨ ਦੇ ਹਰ ਖੇਤਰ ਵਿਚ ਸਾਇੰਸ ਤੇ ਤਕਨਾਲੋਜੀ ਦੇ ਪ੍ਰਯੋਗ ਨੇ ਉਤਪਾਦਕਤਾ ਵਿਚ ਵਾਧਾ ਕੀਤਾ ਹੈ। ਸਿੱਖਿਆ ਪ੍ਰਾਪਤ ਵਿਅਕਤੀ ਦੀ ਉਤਪਾਦਕਤਾ ਅਨਪੜ੍ਹ ਵਿਅਕਤੀ ਨਾਲੋਂ ਕਿੱਤੇ ਵੱਧ ਹੈ। ਖੇਤੀਬਾੜੀ ਵੀ ਹੁਣ ਜਿਸ ਨੂੰ ਕਿਸੇ ਸਮੇਂ ਅਨਪੜ੍ਹ ਵਿਅਕਤੀਆਂ ਦਾ ਧੰਦਾ ਕਿਹਾ ਜਾਂਦਾ ਸੀ, ਪੜ੍ਹੇ ਲਿਖੇ ਵਿਅਕਤੀਆਂ ਦਾ ਧੰਦਾ ਬਣ ਗਿਆ ਹੈ। ਉਤਪਾਦਨ ਮੰਡੀ ਲਈ ਕੀਤਾ ਜਾਂਦਾ ਹੈ ਅਤੇ ਪੜ੍ਹਿਆ-ਲਿਖਿਆ ਵਿਅਕਤੀ ਉਤਪਾਦਨ ਦੇ ਵਧੀਆ ਤੇ ਵਿਗਿਆਨਕ ਢੰਗ ਵਰਤ ਕੇ ਉਤਪਾਦਕਤਾ ਵਿਚ ਵਾਧਾ ਕਰ ਲੈਂਦਾ ਹੈ। ਇਸ ਲਈ ਪੜ੍ਹੇ-ਲਿਖੇ ਵਿਅਕਤੀ ਦੀ ਆਮਦਨੀ ਅਨਪੜ੍ਹ ਵਿਅਕਤੀ ਦੀ ਆਮਦਨੀ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ। ਇਸ ਪ੍ਰਕਾਰ ਵਿਦਿਆ ਤੇ ਵਿਅਕਤੀਗਤ ਆਰਥਿਕ ਉਨਤੀ ਵਿਚ ਗੂੜ੍ਹਾ ਸੰਬੰਧ ਹੈ। ਦੂਜੇ ਪਾਸੇ ਅੱਜ ਦੇ ਸਮੇਂ ਵਿਚ ਵਿੱਦਿਆ ਕਾਫੀ ਮਹਿੰਗੀ ਹੈ। ਗਰੀਬ ਵਿਅਕਤੀ ਆਪਣੇ ਬੱਚਿਆਂ ਨੂੰ ਚੰਗੀ ਵਿਦਿਆ ਪ੍ਰਾਪਤ ਨਹੀਂ ਕਰਵਾ ਸਕਦੇ। ਇਹ ਵੀ ਸੱਚ ਹੈ ਕਿ ਅੱਜ ਦੇ ਯੁੱਗ ਵਿੱਚ ਕਿਸੀ ਵਿਅਕਤੀ ਦਾ ਸਮਾਜਿਕ ਮਾਣ ਸਨਮਾਣ ਉਸ ਕੋਲ ਧੰਨ ਸੰਪਤੀ ਦੀ ਤਕੜੀ ਵਿਚ ਤੋਲਿਆ ਜਾਂਦਾ ਹੈ ਆਮ ਕਰਕੇ ਧਨੀ ਵਿਅਕਤੀਆਂ ਨੂੰ ਸਮਾਜ ਵਿਚ ਉੱਚਾ ਮਾਣ ਪ੍ਰਾਪਤ ਹੁੰਦਾ ਹੈ ਅਤੇ ਨਿਰਧਨ ਵਿਅਕਤੀ ਨੂੰ ਸਮਾਜ ਸਨਮਾਣ ਨਹੀਂ ਦੇਂਦੀ। ਇਸ ਪ੍ਰਕਾਰ ਵਿਦਿਅਕ ਤੌਰ ਤੇ ਪਛੜੇ ਵਰਗ ਆਰਥਿਕ ਤੌਰ ਤੇ ਕਮਜ਼ੋਰ ਅਤੇ ਸਮਾਜਿਕ ਤੌਰ ਤੇ ਪਿਛੜੇ ਰਹਿੰਦੇ ਹਨ। ਆਰਥਿਕ ਤੌਰ ਤੇ ਕਮਜ਼ੋਰ ਤੇ ਸਮਾਜਿਕ ਤੌਰ ਤੇ ਪੱਛੜੇ ਵਰਗ ਆਪਣੇ ਬੱਚਿਆਂ ਨੂੰ ਚੰਗੀ ਵਿਦਿਆ ਦੇ ਸਾਧਨ ਪ੍ਰਾਪਤ ਨਾ ਕਰਵਾ ਸਕਣ ਦੇ ਕਾਰਨ ਵਿਦਿਅਕ ਤੌਰ ਤੇ ਕਮਜ਼ੋਰ ਵਰਗ ਬਣੇ ਰਹਿੰਦੇ ਹਨ।ਸਮਾਜ ਦੀ ਖੁਸ਼ਹਾਲੀ ਲਈ ਜ਼ਰੂਰੀ ਹੈ ਕਿ ਆਰਥਿਕ ਪਛੜੇਪਨ, ਸਮਾਜਿਕ ਪਛੜੇਪਨ ਅਤੇ ਵਿਦਿਅਕ ਪਛੜੇਪਨ ਵਿਚ ਇਸ ਆਪਸੀ ਚੱਕਰ ਨੂੰ ਤੋੜਿਆ ਜਾਵੇ ਅਤੇ ਕਮਜ਼ੋਰ ਵਰਗਾਂ ਨੂੰ ਵਿਦਿਅਕ ਪ੍ਰਾਪਤੀ ਦੇ ਉੱਨੇ ਚੰਗੇ ਮੌਕੇ ਪ੍ਰਦਾਨ ਕੀਤੇ ਜਾਣ ਜਿੰਨੇ ਕਿ ਸਮਾਜ ਦੇ ਉੱਨਤ ਵਰਗਾਂ ਨੂੰ ਪ੍ਰਾਪਤ ਹਨ ਤਾਂ ਜੋ ਕਮਜ਼ੋਰ ਵਰਗ ਵੀ ਮੋਢੇ ਨਾਲ ਮੋਢਾ ਜੋੜ ਕੇ ਦੇਸ਼ ਦੇ ਵਿਕਾਸ ਵਿਚ ਹਿੱਸਾ ਪਾ ਸਕਣ।

**2.2..4 ਸਮਾਜ ਦੇ ਕਮਜ਼ੋਰ ਵਰਗਾਂ ਦੇ ਵਿਦਿਅਕ ਪਛੜੇਪਨ ਦੇ ਕਾਰਨ :**

**ਭਾਰਤੀ ਸਮਾਜ ਦੇ ਕਮਜ਼ੋਰ ਵਰਗਾਂ ਦੇ ਵਿਦਿਅਕ ਪਛੜੇਪਨ ਦੇ ਹੇਠ ਲਿਖੇ ਕਾਰਨ ਹਨ।**

**1. ਪੁਰਾਤਨ ਸਮੇਂ ਵਿਚ ਵਿਦਿਆ ਪ੍ਰਾਪਤੀ ਦੇ ਹੱਕ ਹਾਸਲ ਨਾ ਹੋਣਾ:**

ਪੁਰਾਤਨ ਸਮੇਂ ਵਿਚ ਹਿੰਦੂ ਸਮਾਜ ਕਈ ਵਰਗਾਂ ਵਿਚ ਵੰਡਿਆ ਹੋਇਆ ਸੀ। ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ। ਵਿਦਿਆ ਪ੍ਰਾਪਤੀ ਦੇ ਹੱਕ ਸਿਰਫ ਉਪਰਲੇ ਵਰਗਾਂ ਨੂੰ ਹੀ ਹਾਸਿਲ ਸਨ ਅਤੇ ਨਿਚਲੇ ਵਰਗਾਂ ਨੂੰ ਇਸਤੋਂ ਵਾਂਝੇ ਰੱਖਿਆ ਜਾਂਦਾ ਸੀ। ਇਸ ਵਿਤਕਰੇ ਕਾਰਨ ਸਮਾਜ ਦੇ ਕਮਜ਼ੋਰ ਵਰਗ ਵਿਦਿਅਕ ਤੌਰ ਤੇ ਸਮਾਜ

ਦੇ ਬਾਕੀ ਵਰਗਾਂ ਤੋਂ ਬਹੁਤ ਪਛੜੇ ਹੋਏ ਹਨ।

**2. ਆਰਥਕ ਸਾਧਨਾਂ ਦੀ ਘਾਟ ਹੋਣਾ :**

ਸਮਾਜ ਦੇ ਕਮਜ਼ੋਰ ਵਰਗਾਂ ਕੋਲ ਉੱਚ ਵਰਗਾਂ ਦੇ ਮੁਕਾਬਲੇ ਆਰਥਕ ਸਾਧਨਾਂ ਦੀ ਬਹੁਤ ਘਾਟ ਹੈ। ਉਹ ਆਪਣੇ ਬੱਚਿਆਂ ਨੂੰ ਚੰਗੇ ਸਕੂਲਾਂ ਵਿਚ ਮਿਆਰੀ ਸਿੱਖਿਆ ਨਹੀਂ ਦਿਲਵਾ ਸਕਦੇ। ਬਹੁਤ ਸਾਰੇ ਦੇਸ਼ਾਂ ਵਿਚ ਉਨ੍ਹਾਂ ਦੇ ਬੱਚੇ ਅੱਛੀ ਸਿੱਖਿਆ ਨਾ ਮਿਲਣ ਕਾਰਨ ਫੇਲ੍ਹ ਹੋ ਜਾਂਦੇ ਹਨ ਅਤੇ ਆਖ਼ਰ ਵਿਚ ਪੜ੍ਹਾਈ ਛੱਡ ਦਿੰਦੇ ਹਨ। ਇਹ ਇਸ ਦਰਮਿਆਨ ਵਿਚ ਹੀ ਪੜ੍ਹਾਈ ਛੱਡਣ ਦਾ ਰੁਝਾਣ ਕਮਜ਼ੋਰ ਵਰਗ ਦੇ ਬੱਚਿਆਂ ਵਿਚ ਜ਼ਿਆਦਾ ਪਾਇਆ ਜਾਂਦਾ ਹੈ। ਜਿਸ ਕਾਰਨ ਉਹ ਵਿਦਿਅਕ ਤੌਰ ਤੇ ਪਛੜੇ ਰਹਿ ਜਾਂਦੇ ਹਨ।

**3. ਯੋਗ ਅਗਵਾਈ ਦੀ ਘਾਟ ਹੋਣਾ :**

ਕਮਜ਼ੋਰ ਵਰਗ ਦੇ ਬੱਚਿਆਂ ਦੇ ਮਾਪੇ ਅਕਸਰ ਅਨਪੜ੍ਹ ਹੁੰਦੇ ਹਨ ਜਿਸ ਕਾਰਨ ਉਨ੍ਹਾਂ ਤੋਂ ਵਿਦਿਆ ਸੰਬੰਧੀ ਕੋਈ ਯੋਗ ਅਗਵਾਈ ਨਹੀਂ ਮਿਲ ਪਾਉਂਦੀ। ਘਰਾਂ ਤੋਂ ਇਲਾਵਾ ਸਮਾਜ ਵਿਚ ਵੀ ਉਨ੍ਹਾਂ ਨੂੰ ਯੋਗ ਕਾਰਵਾਈ ਦੇਣ ਦੀ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ। ਜਿਸ ਕਾਰਨ ਇੰਨ੍ਹਾਂ ਵਰਗਾਂ ਨਾਲ ਸਬੰਧਿਤ ਬੱਚੇ ਵਿਦਿਅਕ ਤੌਰ ਤੇ ਪਛੜੇ ਰਹਿ ਜਾਂਦੇ ਹਨ।

ਆਜ਼ਾਦੀ ਤੋਂ ਬਾਅਦ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਸਿੱਖਿਆ ਲਈ ਕਾਫੀ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਨ੍ਹਾਂ ਦੇ ਚੰਗੇ ਸਿੱਟੇ ਵੀ ਨਿਕਲੇ ਹਨ ਜਿਵੇਂ ਅਨੁਸੂਚਿਤ ਜਾਤੀਆਂ ਦਾ ਸਾਖਰਤਾ ਦਰ 1961 ਵਿਚ 11.3% ਤੋਂ ਵੱਧ ਕੇ 1984 ਵਿੱਚ 21.4% ਹੋ ਗਿਆ ਸੀ ਅਤੇ ਅਨੁਸੂਚਿਤ ਕਬੀਲਿਆਂ ਦਾ ਸਾਖਰਤਾ ਦਰ 1961 ਵਿਚ 8% ਤੋਂ ਵਧਾ ਕੇ 1981 ਵਿਚ 10.3% ਹੋ ਗਿਆ ਸੀ। ਸਿੱਖਿਆ ਦੇ ਵੱਖ ਵੱਖ ਪੱਧਰਾਂ ਤੇ ਇਨ੍ਹਾਂ ਸ਼੍ਰੇਣੀਆਂ ਦਾ ਦਾਖਲਾ ਵੀ ਵਧਿਆ ਹੈ। ਪਰੰਤੂ ਇਨ੍ਹਾਂ ਸ਼੍ਰੇਣੀਆਂ ਦਾ ਸਾਖਰਤਾ ਦਰ ਅਤੇ ਦਾਖਲਾ ਗੈਰ-ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਤੋਂ ਕਿਤੇ ਘੱਟ ਹੈ ਅਤੇ ਸਿੱਖਿਆ ਦਾ ਕੋਰਸ ਪੂਰਾ ਕਰਨ ਤੋਂ ਪਹਿਲਾਂ ਹੀ ਛੱਡਣ ਵਾਲਿਆਂ ਦੀ ਗਿਣਤੀ ਇਨ੍ਹਾਂ ਸ਼੍ਰੇਣੀਆਂ ਦੇ ਬੱਚਿਆਂ ਦੀ ਹੋਰ ਬੱਚਿਆਂ ਨਾਲੋਂ ਬਹੁਤ ਵੱਧ ਹੈ। ਇਸੀ ਪ੍ਰਕਾਰ ਪੇਂਡੂ ਇਲਾਕਿਆਂ ਵਿਚ ਸਿੱਖਿਆ ਸ਼ਹਿਰੀ ਇਲਾਕਿਆਂ ਨਾਲੋਂ ਘੱਟ ਹੈ, 1981 ਵਿਚ ਪੇਂਡੂ ਸਾਖਰਤਾ ਦਰ ਕੇਵਲ 29.57% ਸੀ ਜਦੋਂ ਕਿ ਸ਼ਹਿਰੀ ਸਾਖਰਤਾ ਦਰ 57.10% ਸੀ। ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ, ਕਮਜ਼ੋਰ ਸ਼੍ਰੇਣੀਆਂ ਦੀ ਵਿਦਿਅਕ ਸਥਿਤੀ ਵਿਚ ਜੋ ਉੱਨਤੀ ਹੋਈ ਹੈ ਉਹ ਜ਼ਿਆਦਾ ਗਿਣਤੀ ਵਿਚ ਹੋਈ ਹੈ। ਗੁਣਾਤਮਕ ਬਹੁਤ ਘੱਟ ਹੋਈ ਹੈ। ਇਨ੍ਹਾਂ ਸ਼੍ਰੇਣੀਆਂ ਨੂੰ ਚੰਗੀ ਵਿਦਿਆ ਪ੍ਰਾਪਤੀ ਦੇ ਮੌਕੇ ਅੱਜ ਵੀ ਬਹੁਤ ਘੱਟ ਮਿਲਦੇ ਹਨ।

**2.2.5 ਕਮਜ਼ੋਰ ਵਰਗਾਂ ਦੀ ਸਿੱਖਿਆ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ :**

**1. ਪੜ੍ਹਾਈ ਦਾ ਨੀਵਾਂ ਪੱਧਰ**

ਕਮਜ਼ੋਰ ਵਰਗਾਂ ਦੇ ਬੱਚੇ ਲਗਭਗ ਸਾਰੇ ਹੀ ਸਰਕਾਰੀ ਸਿੱਖਿਆ ਸੰਸਥਾਵਾਂ ਵਿਚ ਪੜ੍ਹਦੇ ਹਨ ਅਧਿਆਪਕਾਂ ਦੀ ਘੱਟ ਤਨਖਾਹ, ਸ਼ਕਤੀ ਧਾਰੀਆਂ ਵਲੋਂ ਇਸ ਸ਼੍ਰੇਣੀ ਲਈ ਅਣਗਹਿਲੀ, ਪੜ੍ਹਾਉਣ ਦੇ ਪੁਰਾਣੇ ਢੰਗ, ਅਧਿਆਪਕ ਸਿਖਲਾਈ ਦੀ ਨੀਵੀਂ ਪੱਧਰ, ਪੜ੍ਹਾਈ ਦੀ ਨੀਵੀਂ ਪੱਧਰ ਅਤੇ ਵਿਦਿਆ ਤੇ ਖਰਚ ਕੀਤੀ ਜਾਣ ਵਾਲੀ ਘੱਟ ਰਾਸ਼ੀ ਕੁਝ ਇਕ ਅਜਿਹੇ ਕਾਰਨ ਹਨ ਜਿਨ੍ਹਾਂ ਕਰਕੇ ਸਰਕਾਰੀ ਸਿੱਖਿਆ ਸੰਸਥਾਵਾਂ ਦੀ ਪੱਧਰ ਬੜਾ ਨੀਵੀਂ ਹੈ। ਵਿਦਿਆਰਥੀਆਂ ਦੀ ਸਿੱਖਿਆ ਵਿਚ ਦਿਲਚਸਪੀ ਨਹੀਂ ਰਹਿੰਦੀ ਅਤੇ ਉਹ ਕੋਰਸ ਖਤਮ ਕਰਨ ਤੋਂ ਪਹਿਲਾਂ ਹੀ ਪੜ੍ਹਾਈ ਛੱਡ ਜਾਂਦੇ ਹਨ। ਪੜ੍ਹਾਈ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਕਮਜ਼ੋਰ ਸ਼੍ਰੇਣੀਆ ਦੇ ਵਿਦਿਆਰਥੀਆਂ ਵਿਚ ਬਹੁਤ ਵੱਧ ਹੋਣ ਦਾ ਇਕ ਵੱਡਾ ਕਾਰਨ ਇਹ ਹੈ।

ਸਕੂਲਾਂ ਵਿਚ ਪੜ੍ਹਾਈ ਦਾ ਪੱਧਰ ਉੱਚਾ ਕਰਨਾ ਚਾਹੀਦਾ ਹੈ। ਜੇਕਰ ਸਕੂਲਾਂ ਵਿਚ ਪੜ੍ਹਾਈ ਦਿਲਚਸਪ ਹੋਵੇਗੀ, ਸਕੂਲ ਦਾ ਮਾਹੌਲ ਦਿਲ ਖਿੱਚਵਾਂ ਹੋਵੇਗਾ ਤਾਂ ਬੱਚਿਆਂ ਦੁਆਰਾ ਕੋਰਸ ਖਤਮ ਹੋਣ ਤੋਂ ਪਹਿਲਾਂ ਹੀ ਪੜ੍ਹਾਈ ਛੱਡ ਜਾਣ ਦੀ ਸਮੱਸਿਆ ਤੇ ਕਾਫੀ ਕਾਬੂ ਪਾਇਆ ਜਾ ਸਕਦਾ ਹੈ। 1978 ਦੇ ਸਰਬ ਭਾਰਤੀ ਸਰਵੇ

ਤੋਂ ਪਤਾ ਲੱਗਿਆ ਕਿ ਭਾਰਤ ਵਿਚ ਪ੍ਰਾਇਮਰੀ ਸਕੂਲਾਂ ਵਿਚ 35% ਕੇਵਲ ਇਕ ਅਧਿਆਪਕ ਵਾਲੇ 9% ਬਿਨਾ ਕਿਸੇ ਇਮਾਰਤ ਤੇ 40% ਬਿਨਾਂ ਬਲੈਕ ਬੋਰਡ ਤੋਂ 40% ਬਿਨਾਂ ਪੱਕੀ ਇਮਾਰਤਾਂ ਵਾਲੇ, 40% ਦੇ ਪਾਣੀ ਦੀ ਕਿਸੀ ਵੀ ਸਹੂਲਤ ਤੋਂ ਬਿਨਾਂ 53% ਖੇਡ ਦੇ ਮੈਦਾਨ ਤੋਂ ਬਿਨਾਂ ਅਤੇ 70% ਬਿਨਾਂ ਲਾਇਬਰੇਰੀ ਸੁਵਿਧਾਵਾਂ ਵਾਲੇ ਸਕੂਲ ਸਨ। ਇੰਨੇ ਭੈੜੇ ਹਾਲਤ ਵਾਲੇ ਸਕੂਲਾਂ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਬੱਚਿਆਂ ਨੂੰ ਰੋਚਕ ਸਿੱਖਿਆ ਦੇ ਸਕਣ। ਰਾਸ਼ਟਰੀ ਵਿਦਿਆ ਨੀਤੀ 1987 ਨੇ ਇਸ ਹਾਲਤ ਵਿਚ ਯੋਜਨਾ-ਬੱਧ ਢੰਗ ਨਾਲ ਸੁਧਾਰ ਕਰਨ ਲਈ ''ਆਪਰੇਸ਼ਨ ਬਲੈਕ ਬੋਰਡ'' ਪ੍ਰੋਗਰਾਮ ਆਰੰਭ ਕੀਤਾ ਹੈ। ਇਸ ਪ੍ਰੋਗਰਾਮ ਰਾਹੀਂ ਦੇਸ਼ ਭਰ ਵਿਚ ਪ੍ਰਾਇਮਰੀ ਸਕੂਲਾਂ ਦੀ ਹਾਲਤ ਸੁਧਾਰੀ ਜਾਵੇਗੀ, ਹਰ ਇਕ ਪ੍ਰਾਇਮਰੀ ਸਕੂਲ ਵਿਚ ਘੱਟੋ-ਘੱਟ ਦੋ ਅਧਿਆਪਕ ਹੋਣਗੇ, ਦੋ ਕਾਫੀ ਵੱਡੇ-ਵੱਡੇ ਕਮਰੇ ਹੋਣਗੇ ਅਤੇ ਖਿਡੌਣੇ, ਬਲੈਕ ਬੋਰਡ, ਨਕਸ਼ੇ ਚਾਰਟ ਅਤੇ ਹੋਰ ਸਿੱਖਿਆ ਸਮੱਗਰੀ ਦਿੱਤੀ ਜਾਵੇਗੀ। ਇਸ ਨਾਲ ਪ੍ਰਾਇਮਰੀ ਵਿਦਿਆ ਦਾ ਪੱਧਰ ਉੱਚਾ ਹੋਵੇ ਗਾ, ਪੜ੍ਹਾਈ ਰੋਚਕ ਬਣੇਗੀ ਅਤੇ ਕਮਜ਼ੋਰ ਸ਼੍ਰੇਣੀਆਂ ਦੇ ਬੱਚਿਆਂ ਦੁਆਰਾ ਸਕੂਲ ਛੱਡਣ ਦੀ ਸਮੱਸਿਆ ਘਟੇਗੀ।

ਰਾਸ਼ਟਰੀ ਵਿਦਿਆ ਨੀਤੀ 1986 ਨੇ ਇਕ ਹੋਰ ਪ੍ਰੋਗਰਾਮ ਨਵੋਦਿਆ ਸਕੂਲਾਂ ਦੀ ਸਥਾਪਨਾ ਦਾ ਪ੍ਰੋਗਰਾਮ ਆਰੰਭਿਆ ਹੈ। ਇਸ ਰਾਹੀਂ ਪੇਂਡੂ ਇਲਾਕਿਆਂ ਵਿਚ 'ਪਬਲਿਕ ਸਕੂਲ' ਦੀ ਪੱਧਰ ਦੇ ਸਰਕਾਰੀ ਸਕੂਲ ਖੋਲ੍ਹੇ ਜਾ ਰਹੇ ਹਨ। ਇਨ੍ਹਾਂ ਸਕੂਲਾਂ ਵਿਚ ਪੜ੍ਹਾਈ ਦਾ ਪੱਧਰ ਪਬਲਿਕ ਸਕੂਲਾਂ ਵਿਚ ਪੜ੍ਹਾਈ ਜਿੰਨਾ ਹੋਵੇਗਾ। ਇਹ ਸਕੂਲ ਨਿਵਾਸੀ ਸਕੂਲ ਹੋਣਗੇ ਅਤੇ ਪੜ੍ਹਾਈ ਮੁਫਤ ਹੋਵੇਗੀ। ਵਿਦਿਆਰਥੀ ਟੈਸਟ ਲੈ ਕੇ ਯੋਗਤਾ ਅਨੁਸਾਰ ਦਾਖਲ ਕੀਤੇ ਜਾਣਗੇ। ਇਸ ਪ੍ਰੋਗਰਾਮ ਰਾਹੀਂ ਪੇਂਡੂ ਲੋਕਾਂ ਤੋਂ ਬੱਚਿਆਂ ਨੂੰ ਚੰਗੀ ਵਿਦਿਆ ਦੀਆਂ ਸਹੂਲਤਾਂ ਪ੍ਰਾਪਤ ਹੋਣਗੀਆਂ ਜੋ ਹੁਣ ਤੱਕ ਉਨ੍ਹਾਂ ਨੂੰ ਪ੍ਰਾਪਤ ਨਹੀਂ ਸਨ। ਇਨ੍ਹਾਂ ਸਕੂਲਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਬੱਚਿਆਂ ਲਈ ਵੀ ਸੀਟਾਂ ਰਾਖਵੀਆਂ ਹੋਣਗੀਆਂ। ਕਮਜ਼ੋਰ ਸ਼੍ਰੇਣੀਆਂ ਦੇ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਮੌਕੇ ਪ੍ਰਦਾਨ ਕਰਨ ਦਾ ਇਹ ਇਕ ਬਹੁਤ ਵਧੀਆਂ ਪ੍ਰੋਗਰਾਮ ਹੈ।

**2. ਵਿਦਿਆ ਨੂੰ ਵਿੱਤ ਦੀ ਘਾਟ :**

ਸਾਡੇ ਦੇਸ਼ ਵਿਚ ਵਿਦਿਆ ਨੂੰ ਵਿੱਤ ਦੀ ਘਾਟ ਰਹੀ ਹੈ। ਅਸੀਂ ਆਪਣੇ ਕੁੱਲ ਰਾਸ਼ਟਰੀ ਉਤਪਾਦਨ (Gross National Product) ਦਾ ਕੇਵਲ 3% ਭਾਗ ਵਿਦਿਆ ਉਤੇ ਖਰਚ ਕਰਦੇ ਹਾਂ। ਉੱਨਤ ਦੇਸ਼ਾਂ ਵਿਚ ਕੁੱਲ ਰਾਸ਼ਟਰੀ ਉਤਪਾਦਨ ਦਾ 8% ਤੋਂ 9% ਭਾਗ ਵਿਦਿਆ ਤੇ ਖਰਚ ਕੀਤਾ ਜਾਂਦਾ ਹੈ।ਕੇਂਦਰੀ ਅਤੇ ਰਾਜ ਸਰਕਾਰਾਂ ਦੇ ਕੁਲ ਯੋਜਨਾਵਾਂ ਖਰਚ ਦਾ ਸਿੱਖਿਆ ਤੇ ਖਰਚ ਕੀਤਾ ਗਿਆ ਭਾਗ ਦਿਨੋ ਦਿਨ ਇੰਨਾ ਘੱਟ ਰਿਹਾ ਹੈ।ਪਹਿਲੀ ਪੰਜ ਸਾਲਾਂ ਯੋਜਨਾ ਵਿਚ ਵਿਦਿਆ ਤੇ ਕੇਂਦਰ ਅਤੇ ਰਾਜ ਸਰਕਾਰਾਂ ਦੇ ਕੁਲ ਯੋਜਨਾ ਖਰਚ ਦਾ 7.2% ਭਾਗ ਖਰਚ ਕੀਤਾ ਗਿਆ ਸੀ, ਛੇਵੀਂ ਪੰਜ ਸਾਲਾਂ ਯੋਜਨਾ ਵਿਚ ਘੱਟ ਕੇ ਕੇਵਲ 3.6% ਰਹਿ ਗਿਆ ਸੀ। ਵਿਦਿਆ ਲਈ ਰੱਖਿਆ ਗਿਆ ਵਿੱਤ ਲਗਭਗ ਸਾਰੇ ਦਾ ਸਾਰਾ ਹੀ (90 ਤੋਂ 95% ਭਾਗ) ਅਧਿਆਪਕਾਂ ਅਤੇ ਦੂਜੇ ਸਿੱਖਿਆ ਕਰਮਚਾਰੀਆਂ ਦੇ ਵੇਤਨ ਤੇ ਖਰਚ ਹੋ ਜਾਂਦਾ ਹੈ ਅਤੇ ਵਿਦਿਆ ਦੇ ਵਿਕਾਸ ਪੱਖ ਲਈ ਕੋਈ ਪੈਸਾ ਨਹੀ ਬਚਦਾ ਸਿੱਖਿਆ ਸੰਸਥਾਵਾਂ ਦੀ ਹਾਲਤ ਵਿਚ ਸੁਧਾਰ ਵਿੱਤ ਦੀ ਘਾਟ ਦੇ ਕਾਰਨ ਨਹੀਂ ਕੀਤਾ ਜਾ ਸਕਦਾ। ਸਪਸ਼ਟ ਹੈ ਕਿ ਅਜਿਹੀ ਸਥਿਤੀ ਵਿਚ ਕਮਜ਼ੋਰ ਵਰਗਾਂ ਦੀ ਵਿਦਿਆ ਨੂੰ ਨੁਕਸਾਨ ਹੁੰਦਾ ਹੈ।

ਰਾਸ਼ਟਰੀ ਵਿਦਿਆ ਨੀਤੀ 1986 ਨੇ ਭਾਰਤ ਵਿਚ ਵਿਦਿਆ ਲਈ ਵਿੱਤ ਦੀ ਘਾਟ ਨੂੰ ਦੂਰ ਕਰਨ ਤੇ ਬਹੁਤ ਜ਼ੋਰ ਦਿੱਤਾ ਹੈ ਅੱਠਵੀਂ ਪੰਜ ਸਾਲਾ ਯੋਜਨਾ ਤੋਂ ਅਸੀ ਵਿਦਿਆ ਤੇ ਆਪਣੇ ਕੁਲ ਰਾਸ਼ਟਰੀ ਉਤਪਾਦਨ ਦਾ 6% ਖਰਚ ਕਰਾਂਗੇ ਅਤੇ ਵਿਦਿਆ ਦੇ ਕਿਸੀ ਵੀ ਪ੍ਰੋਗਰਾਮ ਨੂੰ ਵਿੱਤ ਦੀ ਘਾਟ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ ਇਸ ਨੀਤੀ ਅਨੁਸਾਰ ਵਿਦਿਆ ਨੂੰ ਵਰਤਮਾਨ ਤੇ ਭਵਿੱਖ ਵਿਚ ਇਕ ਨਿਵੇਸ਼ (investment) ਸਮਝਿਆ ਜਾਵੇਗਾ। ਹੁਣ ਤੱਕ ਭਾਰਤ ਵਿਚ ਵਿਦਿਆ ਨੂੰ ਸਮਾਜ ਸੇਵਾ ਸਮਝਿਆ ਜਾਂਦਾ ਰਿਹਾ ਹੈ, ਇਸ ਲਈ ਪੰਜ ਸਾਲਾਂ ਯੋਜਨਾਵਾਂ ਵਿਚ ਹਰ ਆਰਥਿਕ ਪ੍ਰੋਗਰਾਮਾਂ ਤੋਂ ਬਾਅਦ ਬਚੀ ਹੋਈ ਪੂੰਜੀ ਦੀ ਵਿਦਿਆ ਪ੍ਰੋਗਰਾਮਾਂ ਲਈ

ਨਿਰਧਾਰਿਤ ਕੀਤੀ ਜਾਂਦੀ ਰਹੀ ਹੈ। ਪਰੰਤੂ ਦੂਜੇ ਦੇਸ਼ ਵਿਚ ਵਿਸ਼ੇਸ਼ ਕਰਕੇ ਅਮਰੀਕਾ ਵਿਚ ਕੀਤੀਆਂ ਗਈਆਂ ਖੋਜਾਂ ਤੋਂ ਸਿੱਧ ਹੁੰਦਾ ਹੈ ਕਿ ਵਿਦਿਆ ਵਿਚ ਲਗਾਈ ਗਈ ਪੂੰਜੀ ਤੋਂ ਲੰਮੇ ਸਮੇਂ ਵਿਚ, ਹਰ ਕਿਸੀ ਵੀ ਖੇ ਤਰ ਵਿਚ ਲਗਾਈ ਗਈ ਪੂੰਜੀ ਨਾਲੋਂ ਵਧੇਰੇ ਲਾਭ (return) ਪ੍ਰਾਪਤ ਹੁੰਦਾ ਹੈ। ਹੁਣ ਅਸੀਂ ਉਮੀਦ ਕਰਦੇ ਹਾਂ ਕਿ ਭਾਰਤ ਵਿਚ ਵਿਦਿਆ ਨੂੰ ਵਿੱਤ ਦੀ ਘਾਟ ਕਾਫੀ ਹੱਦ ਤਕ ਦੂਰ ਹੋ ਜਾਵੇਗੀ। ਅਸੀਂ ਵਿਦਿਆ ਦੇ ਵਿਕਾਸ ਪ੍ਰੋਗਰਾਮਾ ਤੇ ਪੂੰਜੀ ਲਗਾ ਸਕਾਂਗੇ ਸਿੱਖਿਆ ਸੰਸਥਾਵਾਂ ਦੀ ਹਾਲਤ ਵਿਚ ਸੁਧਾਰ ਹੋਵੇਗਾ ਅਤੇ ਵਿਦਿਆ ਦਾ ਪੱਧਰ ਉੱਚਾ ਹੋਵੇਗਾ। ਸਿੱਟੇ ਵਜੋਂ ਕਮਜ਼ੋਰ ਵਰਗਾਂ ਦੇ ਬੱਚਿਆਂ ਨੂੰ ਜ਼ਿਆਦਾ ਮਾਤਰਾ ਵਿਚ ਤੇ ਜ਼ਿਆਦਾ ਚੰਗੀ ਸਿੱਖਿਆ ਪ੍ਰਾਪਤ ਹੋਵੇਗੀ।

**3. ਫੇਲ੍ਹ ਹੋਣ ਤੇ ਪੜ੍ਹਾਈ ਛੱਡਣ ਦੀ ਸਮੱਸਿਆ :**

ਇਹ ਅਨੁਮਾਨ ਹੈ ਕਿ ਲਗਭਗ 50 ਬੱਚੇ ਪਹਿਲੀ ਸ਼੍ਰੇਣੀ ਵਿਚ ਹੀ ਪੜ੍ਹਾਈ ਛੱਡ ਜਾਂਦੇ ਹਨ ਅਤੇ ਪ੍ਰਾਇਮਰੀ ਸਕੂਲ ਵਿਚ ਦੂਜੀ ਤੋਂ ਚੌਥੀ ਤੱਕ 12 ਬੱਚੇ ਸਕੂਲ ਛੱਡ ਜਾਂਦੇ ਹਨ ਅਰਥਾਤ ਪਹਿਲੀ ਸ਼੍ਰੇਣੀ ਵਿਚ ਦਾਖਲ ਹੋਏ 100 ਬੱਚਿਆਂ ਵਿਚੋਂ ਕੇਵਲ 38 ਬੱਚੇ ਹੀ ਪੰਜਵੀਂ ਸ਼੍ਰੇਣੀ ਵਿਚ ਰਹਿੰਦੇ ਹਨ ਬਾਕੀ ਦੇ 62 ਬੱਚੇ ਪਹਿਲੇ ਹੀ ਸਕੂਲ ਛੱਡ ਜਾਂਦੇ ਹਨ। ਇਸ ਪ੍ਰਕਾਰ ਪੜ੍ਹਾਈ ਛੱਡ ਜਾਣ ਵਾਲੇ ਲਗਭਗ ਸਾਰੇ ਬੱਚੇ ਹੀ ਕਮਜ਼ੋਰ ਸ਼੍ਰੇਣੀਆਂ ਦੇ ਹੁੰਦੇ ਹਨ। ਇਸ ਦੇ ਕਈ ਕਾਰਨ ਹਨ ਸਕੂਲਾਂ ਦੀਆਂ ਸ਼੍ਰੇਣੀਆਂ ਵਿਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਿਸ ਕਾਰਨ ਅਧਿਆਪਕ ਬੱਚਿਆਂ ਦਾ ਪੂਰਾ ਧਿਆਨ ਨਹੀਂ ਰੱਖ ਸਕਦੇ। ਅਧਿਆਪਕਾਂ ਦੀ ਸਮਾਜਕ ਪੱਧਰ ਅਤੇ ਮਾਲੀ ਸਥਿਤੀ ਵੀ ਨੀਵੀ ਹੈ ਵਿਸ਼ੇਸ਼ ਕਰਕੇ ਪ੍ਰਾਇਮਰੀ ਅਧਿਆਪਕਾਂ ਦੀ। ਅਧਿਆਪਕਾਂ ਨੂੰ ਆਪਣੀਆਂ ਨਿਯੁਕਤੀਆਂ ਵਾਲੇ ਪਿੰਡਾਂ ਵਿਚ ਰਹਿਣ ਲਈ ਚੰਗੇ ਮਕਾਨ ਅਤੇ ਹੋਰ ਸਹੂਲਤਾਂ ਨਹੀਂ ਮਿਲਦੀਆਂ ਜਿਸ ਕਾਰਨ ਉਹ ਸ਼ਹਿਰ ਵਿਚ ਰਹਿੰਦੇ ਹਨ ਅਤੇ ਹਰ ਰੋਜ਼ ਉਥੋਂ ਸਕੂਲਾਂ ਵਿਚ ਆਉਂਦੇ ਹਨ। ਬੱਚਿਆਂ ਦੇ ਮਾਪੇ ਗਰੀਬ ਹਨ ਅਤੇ ਬੱਚਿਆਂ ਨੂੰ ਪਰਿਵਾਰ ਦੀ ਮਾਲੀ ਸਹਾਇਤਾ ਕਰਨ ਲਈ ਕੰਮ ਕਰਨਾ ਪੈਂਦਾ ਹੈ ਅਤੇ ਇਸ ਲਈ ਜਾਂ ਤਾਂ ਉਹ ਉੱਕਾ ਹੀ ਸਕੂਲ ਵਿਚ ਦਾਖਲ ਨਹੀਂ ਹੋ ਸਕਦੇ ਅਤੇ ਜੇਕਰ ਦਾਖਲ ਹੋ ਹੀ ਜਾਂਦੇ ਹਨ ਤਾਂ ਵਿਚਾਲੇ ਹੀ ਪੜ੍ਹਾਈ ਛੱਡਣੀ ਪੈਂਦੀ ਹੈ।ਕਈ ਬੱਚੇ ਪੜ੍ਹਾਈ ਵਿਚ ਕਮਜ਼ੋਰ ਰਹਿ ਜਾਂਦੇ ਹਨ ਵਿਸ਼ੇਸ਼ ਕਰਕੇ ਪਹਿਲੀ ਪੀੜ੍ਹੀ ਦੇ ਪਾਠਕ (first generation learners) ਅਧਿਆਪਕ ਸ਼੍ਰੇ ਣੀਆਂ ਹੋਣ ਕਰਕੇ ਅਤੇ ਸਮਾਂ ਨਾ ਹੋਣ ਕਰਕੇ ਉਨ੍ਹਾਂ ਦੀਆਂ ਔਕੜਾਂ ਦੂਰ ਕਰਨ ਵੱਲ ਧਿਆਨ ਨਹੀਂ ਦਿੰਦੇ ਅਤੇ ਬੱਚੇ ਸਕੂਲ ਛੱਡ ਜਾਂਦੇ ਹਨ ਜਾਂ ਸ਼੍ਰੇਣੀ ਵਿਚ ਫੇਲ੍ਹ ਹੁੰਦੇ ਰਹਿੰਦੇ ਹਨ। ਭਾਰਤ ਵਿਚ ਇਕ ਸ਼੍ਰੇਣੀ ਵਿਚ (ਵਿਸ਼ੇਸ਼ ਕਰਕੇ ਪ੍ਰਾਇਮਰੀ ਪੱਧਰ ਤੇ) ਵੱਖ-ਵੱਖ ਉਮਰ ਦੇ ਬੱਚੇ ਹਨ ਜਿਨ੍ਹਾਂ ਕਾਰਨ ਬੱਚਿਆਂ ਵਿਚ ਆਪਸੀ ਸੰਬੰਧੀ ਨਹੀਂ ਬਣ ਸਕਦੇ ਅਤੇ ਸਿੱਖਿਆ ਵੀ ਇਕੋ ਜਿਹੀ ਨਹੀਂ ਦਿੱਤੀ ਜਾ ਸਕਦੀ।

ਖੋਜ ਨੇ ਇਹ ਸਿੱਧ ਕੀਤਾ ਹੈ ਕਿ ਜਿਨ੍ਹਾਂ ਸਕੂਲਾਂ ਵਿਚ ਉਹ ਵਿਦਿਆ ਪ੍ਰਾਪਤ ਕਰਨ ਅਤੇ ਅਧਿਆਪਕ ਤੋਂ ਸੰਤੁਸ਼ਟ ਨਾ ਹੋਣ ਤਾਂ ਵਿਦਿਆਰਥੀ ਪੜ੍ਹਾਈ ਅੱਧ ਵਿਚ ਛੱਡਦੇ ਹਨ। ਇਸ ਲਈ ਸਕੂਲਾਂ ਵਿਚ ਉੱਚ ਵਿਦਿਅਕ ਪੱਧਰ ਦੇ ਅਧਿਆਪਕ ਨਿਯੁਕਤ ਕੀਤੇ ਜਾਣ ਅਤੇ ਅਧਿਆਪਕਾਂ ਦੀ ਸਮਾਜਿਕ ਤੇ ਮਾਲੀ ਪੱਧਰ ਉੱਚੀ ਕੀਤੀ ਜਾਵੇ। ਗਰੀਬ ਮਾਪਿਆਂ ਨੂੰ ਅਪਣੇ ਬੱਚਿਆਂ ਨੂੰ ਪੜ੍ਹਨ ਲਈ ਸਕੂਲ ਭੇਜਣ ਲਈ ਵਿੱਤੀ ਸਹਾਇਤਾ ਦਿੱਤੀ ਜਾਵੇ ਜੋ ਲਗਭਗ ਉਨੀ ਹੋਣੀ ਚਾਹੀਦੀ ਹੈ ਜਿੰਨੀ ਕਿ ਬੱਚੇ ਕਮਾਈ ਕਰਦੇ ਜੇ ਉਹ ਸਕੂਲ ਨਾ ਜਾਂਦੇ। ਅਧਿਆਪਕ ਪੜ੍ਹਾਈ ਵਿਚ ਕਮਜ਼ੋਰ ਬੱਚਿਆਂ ਦੀਆਂ ਔਕੜਾਂ ਵਲ ਧਿਆਨ ਦੇਣ ਅਤੇ ਉਨ੍ਹਾਂ ਨੂੰ ਦੂਰ ਕਰਨ ਸਕੂਲਾਂ ਵਿਚ ਸ਼੍ਰੇਣੀਆਂ ਵਿਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਨਾ ਰੱਖੀ ਜਾਵੇ। ਵਿਦਿਆਰਥੀਆਂ ਦੇ ਦਾਖਲੇ ਕੇਵਲ ਪਹਿਲੇ ਤਿੰਨ ਮਹੀਨਿਆਂ ਵਿਚ ਹੀ ਕੀਤੇ ਜਾਣ ਅਤੇ ਯੂ.ਐਸ.ਏ. ਤੇ ਇੰਗਲੈਂਡ ਵਾਂਗ ਬੱਚਿਆਂ ਨੂੰ ਉਨ੍ਹਾਂ ਦੀ ਉਮਰ ਦੇ ਅਨੁਸਾਰ ਅਗਲੀ ਸ਼੍ਰੇਣੀ ਵਿਚ ਤਰੱਕੀ ਦੇ ਦਿੱਤੀ ਜਾਵੇ। ਪ੍ਰਾਇਮਰੀ ਸ਼੍ਰੇਣੀਆਂ ਵਿਚ ਅਗਲੀ ਜਮਾਤ ਵਿਚ ਤਰੱਕੀ ਲਈ ਪ੍ਰੀਖਿਆ ਦੀ ਕੋਈ ਲੋੜ ਨਹੀਂ ਹੈ। ਅਧਿਆਪਕਾਂ ਲਈ ਪਿੰਡਾਂ ਵਿਚ ਚੰਗੇ ਮਕਾਨ ਬਣਾਏ ਜਾਣ ਅਤੇ ਵਿਦਿਆਰਥੀਆਂ ਨੂੰ ਦੁਪਹਿਰ ਦਾ ਗਰਮ ਤੇ ਚੰਗਾ ਭੋਜਨ ਹਰ ਰੋਜ਼ ਸਰਕਾਰੀ ਖਰਚੇ ਤੇ ਦਿੱਤਾ

ਜਾਵੇ। ਉਨ੍ਹਾਂ ਵਿਦਿਆਰਥੀਆਂ ਲਈ ਜੋ ਵਿਅਕਤੀਗਤ ਜਾਂ ਘਰੇਲੂ ਜਾਂ ਮਾਲੀ ਸੰਕਟਾਂ ਕਾਰਨ ਸਕੂਲ ਵਿਚ ਪੜ੍ਹਾਈ ਜਾਰੀ ਨਹੀਂ ਰੱਖ ਸਕਦੇ ਜਾਂ ਸਕੂਲਾਂ ਵਿਚ ਦਾਖਲ ਨਹੀਂ ਹੋ ਸਕਦੇ, ਗੈਰ-ਰਸਮੀ ਸਿੱਖਿਆ ਕੇਂਦਰ (Non-formal education centres) ਖੋਲ੍ਹੇ ਜਾਣ ਜਿਥੇ ਉਨ੍ਹਾਂ ਨੂੰ ਉਨ੍ਹਾਂ ਦੀ ਸਹੂਲਤ ਦੇ ਸਮੇਂ ਸਿੱਖਿਆ ਪ੍ਰਦਾਨ ਕੀਤੀ ਜਾਵੇ ਜਾਂ ਥੋੜ੍ਹੇ ਸਮੇਂ ਦੀ ਵਿਦਿਆ (Part time education) ਦੇ ਪ੍ਰਬੰਧ ਕੀਤੇ ਜਾਣ।

ਰਾਸ਼ਟਰੀ ਵਿਦਿਆ ਨੀਤੀ 1986 ਨੇ ਗੈਰ-ਰਸਮੀ ਸਿੱਖਿਆ ਤੇ ਕਾਫੀ ਜ਼ੋਰ ਦਿੱਤਾ ਹੈ। ਇਸ ਨੇ ਮੁਢਲੀ ਸਿੱਖਿਆ ਦੇ ਸਰਬਵਿਆਪੀ ਕਰਨ ਵਿਚ, ਵਿਸ਼ੇਸ਼ ਕਰਕੇ ਕਮਜ਼ੋਰ ਵਰਗਾਂ ਵਿਚੋਂ, ਇਕ ਨੂੰ ਬਹੁਤ ਮਹੱਤਵਪੂਰਨ ਪ੍ਰੋਗਰਾਮ ਮੰਨਿਆ ਹੈ। ਇਹ ਵੀ ਕਿਹਾ ਹੈ ਕਿ ਇਨ੍ਹਾਂ ਕੇਂਦਰਾਂ ਵਿਚ ਵਿਦਿਆ ਦਾ ਪੱਧਰ ਸਕੂਲਾਂ ਵਿਚ ਵਿਦਿਆ ਦੇ ਪੱਧਰ ਤੋਂ ਕਿਸੀ ਹਾਲਤ ਵਿਚ ਵੀ ਨੀਵਾਂ ਨਹੀਂ ਹੋਵੇਗਾ।

## 4. ਸਿੱਖਿਆ ਦੇ ਮਿਆਰ ਵਿਚ ਗਿਰਾਵਟ :

ਸੁਤੰਤਰਤਾ ਤੋਂ ਬਾਅਦ ਹਰ ਪੱਧਰ ਦੀ ਸਿੱਖਿਆ ਦਾ ਬਹੁਤ ਪਸਾਰ ਹੋਇਆ ਹੈ। ਪਰ ਨਾਲ ਨਾਲ ਵਿਦਿਆ ਤੇ ਕੀਤੇ ਜਾਣ ਵਾਲੇ ਖਰਚੇ ਵਿਚ ਅਨੁਪਾਤਕ ਵਾਧਾ ਨਹੀਂ ਹੋਇਆ ਹੈ। ਸਿੱਟਾ ਇਹ ਹੋਇਆ ਹੈ ਕਿ ਵਿਦਿਆਰਥੀ ਦਾ ਪੱਧਰ ਡਿਗਿਆ ਹੈ ਸਕੂਲਾਂ ਕਾਲਜਾਂ ਦੀ ਦਸ਼ਾ ਮਾੜੀ ਹੈ ਅਤੇ 50% ਤੋਂ ਵੱਧ ਪ੍ਰਾਇਮਰੀ ਸਕੂਲ ਯੋਗ ਇਮਾਰਤਾਂ ਤੋਂ ਬਗੈਰ ਹਨ। ਸਕੂਲਾਂ ਵਿਚ ਨਾ ਬਲੈਕ ਬੋਰਡ ਨਾ ਨਕਸ਼ੇ-ਚਾਰਟ, ਤਸਵੀਰਾਂ, ਨਾ ਬੈਠਣ ਲਈ ਫਰਨੀਚਰ, ਨਾ ਲਾਇਬਰੇਰੀਆਂ, ਨਾ ਹੀ ਪੀਣ ਦੇ ਪਾਣੀ ਦਾ ਪ੍ਰਬੰਧ ਹੈ। ਅਧਿਆਪਕਾਂ ਦੀਆਂ ਤਨਖਾਹਾਂ ਘੱਟ ਹਨ, ਪਿੰਡਾਂ ਵਿਚ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਨਹੀਂ ਹੈ ਅਤੇ ਨਾ ਹੀ ਚੰਗੇ ਕੰਮ ਕਰਨ ਵਾਲੇ ਅਧਿਆਪਕਾਂ ਦਾ ਯੋਗ ਮਾਣ-ਸਨਮਾਨ ਕੀਤਾ ਜਾਂਦਾ ਹੈ। ਅਜਿਹੀ ਹਾਲਤ ਵਿਚ ਵਿਦਿਆ ਨੀਰਸ ਬਣ ਗਈ ਹੈ; ਕਮਜ਼ੋਰ ਵਰਗਾਂ ਦੇ ਬੱਚਿਆਂ ਨੂੰ ਆਪਣੇਵੱਲ ਨਹੀਂ ਖਿੱਚ ਸਕਦੀ ਤੇ ਨਾ ਹੀ ਉਨ੍ਹਾਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰ ਸਕਦੀ ਹੈ।

ਇਨ੍ਹਾਂ ਪਰਸਥਿਤੀਆਂ ਵਿਚ ਸੁਧਾਰ ਦੀ ਲੋੜ ਹੈ। ਸਕੂਲਾਂ ਦੀ ਹਾਲਤ ਸੁਧਾਰੀ ਜਾਵੇ, ਅਧਿਆਪਕਾਂ ਦੀਆਂ ਤਨਖਾਹਾਂ ਵਧਾਈਆਂ ਜਾਣ ਅਤੇ ਚੰਗਾ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਵਾਧੂ ਤਰੱਕੀਆਂ ਦਿੱਤੀਆਂ ਜਾਣ। ਅਧਿਆਪਕਾਂ ਦੇ ਸਿਖਲਾਈ ਪ੍ਰੋਗਰਾਮ ਵਿਚ ਸੁਧਾਰ ਕੀਤਾ ਜਾਵੇ ਅਤੇ ਉਨ੍ਹਾਂ ਦੀ ਇਨ-ਸਰਵਿਸ ਸਿਖਲਾਈ ਦਾ ਪੂਰਾ ਪ੍ਰਬੰਧ ਕੀਤਾ ਜਾਵੇ।

ਰਾਸ਼ਟਰੀ ਵਿਦਿਆ ਨੀਤੀ 1986 ਸਕੂਲਾਂ ਕਾਲਜਾਂ ਵਿਚ ਵਿਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਨੂੰ ਬਹੁਤ ਮਹੱਤਵ ਦੇਂਦੀ ਹੈ। ਪ੍ਰਾਇਮਰੀ ਸਕੂਲਾਂ ਦੀ ਹਾਲਤ ਵਿਚ ਸੁਧਾਰ ਲਈ ਤਾਂ ਇਕ ਵਿਸ਼ੇਸ਼ ਪ੍ਰੋਗਰਾਮ 'ਅਪਰੇਸ਼ਨ ਬਲੈਕ-ਬੋਰਡ ਆਰੰਭ ਕੀਤਾ ਹੈ। ਅਧਿਆਪਕਾਂ ਦੀਆਂ ਤਨਖਾਹਾਂ ਅਤੇ ਸੇਵਾ ਸਥਿਤੀਆਂ ਨੂੰ ਚੰਗਾ ਕਰਨ ਦਾ ਟੀਚਾ ਰੱਖਿਆ ਗਿਆ ਹੈ ਤਾਂ ਜੋ ਪ੍ਰਤਿਭਾਸ਼ਾਲੀ ਯੁਵਕ ਅਧਿਆਪਕ ਦੇ ਕਿੱਤੇ ਵਲ ਖਿੱਚੇ ਜਾਣ। ਅਧਿਆਪਕ ਸਿੱਖਿਆ ਦੇ ਪ੍ਰੋਗਰਾਮ ਵਿਚ ਵੀ ਯੋਗ ਸੁਧਾਰ ਕਰਨ ਦਾ ਅਤੇ ਇਸ ਨੂੰ ਇਕ ਲਗਾਤਾਰ ਪ੍ਰਕ੍ਰਿਆ ਬਣਾਉਣ ਦਾ ਟੀਚਾ ਹੈ।

## 5. ਕਮਜ਼ੋਰ ਵਰਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਦੁਰਉਪਯੋਗ :

ਕਮਜ਼ੋਰ ਵਰਗਾਂ ਨੂੰ ਜੋ ਸਹੂਲਤਾਂ ਦਿੱਤੀਆਂ ਗਈਆਂ ਹਨ ਆਮ ਕਰਕੇ ਉਨ੍ਹਾਂ ਵਰਗਾਂ ਦੇ ਅਮੀਰ ਵਿਅਕਤੀ ਹੀ ਉਨ੍ਹਾਂ ਦਾ ਲਾਭ ਉਠਾਉਂਦੇ ਹਨ ਅਤੇ ਉਨ੍ਹਾਂ ਸ਼੍ਰੇਣੀਆਂ ਵਿਚ ਗਰੀਬ ਵਿਅਕਤੀ ਉਨ੍ਹਾਂ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ। ਜਿਵੇਂ ਵਿਦਿਆ ਦੇ ਵੱਖ-ਵੱਖ ਕੋਰਸਾਂ ਵਿਚ ਅਨੁਸੂਚਿਤ ਜਾਤੀਆਂ ਦੇ ਬੱਚਿਆ ਲਈ ਰੱਖੀਆਂ ਸੀਟਾਂ ਦੇ ਅਨੁਸੂਚਿਤ ਜਾਤੀ ਦੇ ਅਮੀਰ ਤੇ ਉੱਚੀਆਂ ਪਦਵੀਆਂ ਵਾਲੇ ਵਿਅਕਤੀਆਂ ਦੇ ਬੱਚੇ ਹੀ ਦਾਖਲ ਹੁੰਦੇ ਹਨ, ਇਨ੍ਹਾਂ ਜਾਤੀਆਂ ਦੇ ਗਰੀਬਾਂ ਦੇ ਬੱਚੇ ਪਛੜੇ ਹੀ ਰਹਿ ਜਾਂਦੇ ਹਨ; ਇਸ ਪਰਿਸਥਿਤੀ ਵਿਚ ਸੁਧਾਰ ਕਰਨ ਦੀ ਲੋੜ ਹੈ। ਕੁਝ ਅਜਿਹਾ ਕਾਨੂੰਨ ਬਣਾਇਆ ਜਾਵੇ ਕਿ ਇਨ੍ਹਾਂ ਜਾਤੀਆਂ ਦੇ ਜਿਸ ਪਰਿਵਾਰ ਵਿਚ ਦੋ ਪੀੜ੍ਹੀਆਂ ਗਰੈਜੂਏਟ ਬਣ ਗਈਆਂ ਹਨ ਉਨ੍ਹਾਂ ਪਰਿਵਾਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੇ ਘੇਰੇ ਤੋਂ ਬਾਹਰ ਕੱਢ ਦਿੱਤਾ ਜਾਵੇ।

**ਅਨੁਸੂਚਿਤ ਕਬੀਲਿਆਂ ਦੀ ਵਿਦਿਆ :**

1981 ਦੀ ਜਨ-ਗਣਨਾ ਅਨੁਸਾਰ ਭਾਰਤ ਵਿਚ ਅਨੁਸੂਚਿਤ ਕਬੀਲਿਆਂ ਦੇ 49.8 ਕਰੋੜ (ਆਸਾਮ ਤੇ ਕਰਨਾਟਕ ਨੂੰ ਛੱਡ ਕੇ) ਲੋਕ ਵਸਦੇ ਸਨ। ਇਹ ਭਾਰਤ ਦੀ ਕੁੱਲ ਵਸੋਂ ਦਾ 7.9 ਭਾਗ ਸੀ। ਉਹ ਲਗਭਗ 105 ਭਾਸ਼ਾਵਾਂ ਬੋਲਦੇ ਹਨ ਅਤੇ ਇਨ੍ਹਾਂ ਜਾਤੀਆਂ ਦੀ ਕੁਲ ਵਸੋਂ ਦਾ ਲਗਭਗ 80% ਭਾਗ ਉੜੀਸਾ, ਬਿਹਾਰ, ਮੱਧ ਪ੍ਰਦੇਸ਼, ਆਂਧਰਾਂ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ ਅਤੇ ਰਾਜਸਥਾਨ ਵਿਚ ਰਹਿੰਦਾ ਹੈ, ਪਰੰਤੂ ਕਿਸੀ ਵੀ ਰਾਜ ਵਿਚ ਉਹ ਉਥੋਂ ਦੀ ਵਸੋਂ ਦੇ 25% ਤੋਂ ਵੱਧ ਨਹੀਂ ਹਨ। ਉਤਰ-ਪੂਰਬੀ ਰਾਜਾਂ ਵਿਚ ਇਨ੍ਹਾਂ ਕਬੀਲਿਆਂ ਦੇ ਲਗਭਗ 4% ਲੋਕ ਰਹਿੰਦੇ ਹਨ। ਪਰੰਤੂ ਉਹ ਰਾਜ ਵਿਚ ਉਨ੍ਹਾਂ ਦੀ ਵਸੋਂ ਦੇ 8% ਤੋਂ ਵੱਧ ਹਨ।

ਅਨੁਸੂਚਿਤ ਕਬੀਲਿਆਂ ਦਾ ਵਰਗ ਸਭ ਤੋਂ ਜ਼ਿਆਦਾ ਪਛੜਿਆ ਹੋਇਆ ਵਰਗ ਹੈ। ਉਹ ਜੰਗਲਾਂ ਵਿਚ ਅਤੇ ਪਹਾੜਾਂ ਉੱਤੇ ਰਹਿੰਦੇ ਹਨ ਜਿਥੇ ਰੇਲਾਂ ਸੜਕਾਂ ਤੇ ਆਉਣ ਜਾਣ ਦੇ ਹੋਰ ਸਾਧਨ ਨਹੀਂ ਹਨ। ਸਿੱਟੇ ਵਜੋਂ ਇਹ ਲੋਕ ਵਿਕਸਿਤ ਲੋਕਾਂ ਦੇ ਸੰਪਰਕ ਵਿਚ ਬਹੁਤ ਹੀ ਘੱਟ ਆਉਂਦੇ ਹਨ ਅਤੇ ਵਿਕਾਸ ਦੀ ਪ੍ਰਕਿਰਿਆ ਇਨ੍ਹਾਂ ਤੱਕ ਨਹੀਂ ਪੁੱਜਦੀ ਹੈ। ਸਾਖਰਤਾ ਦੀ ਦਰ ਵਿਚ ਕੁਝ ਵਾਧਾ ਜ਼ਰੂਰ ਹੋਇਆ ਹੈ ਪਰ ਬਹੁਤ ਘੱਟ 1981 ਵਿਚ ਅਨੁਸੂਚਿਤ ਕਬੀਲਿਆਂ ਦੇ ਲੋਕਾਂ ਵਿਚ ਸਾਖਰਤਾ ਦੀ ਦਰ ਕੇਵਲ 16.3% ਸੀ। ਇਹ ਲੋਕ ਬਹੁਤ ਗਰੀਬ ਹਨ। ਬੱਚਿਆਂ ਨੂੰ ਸਕੂਲ ਭੇਜਣ ਲਈ ਮਾਪਿਆਂ ਨੂੰ ਮਾਲੀ ਸਹਾਇਤਾ ਦੇਣੀ ਚਾਹੀਦੀ ਹੈ ਅਤੇ ਇਨ੍ਹਾਂ ਦੇ ਬੱਚਿਆਂ ਲਈ ਹੋਸਟਲਾਂ ਵਾਲੇ ਸਕੂਲ ਖੋਲ੍ਹਣੇ ਚਾਹੀਦੇ ਹਨ।

**ਲੜਕੀਆਂ ਦੀ ਵਿਦਿਆ :**

ਸਮਾਜਿਕ ਅਤੇ ਸਭਿਆਚਾਰਕ ਕਾਰਨਾਂ ਕਰਕੇ ਵਿਦਿਆ ਦੇ ਖੇਤਰ ਵਿਚ ਲੜਕੀਆਂ ਇਕ ਕਮਜ਼ੋਰ ਵਰਗ ਰਹੀਆਂ ਹਨ। ਲੜਕੀਆਂ ਵਿਦਿਆ ਦੇ ਸੰਬੰਧ ਵਿਚ ਲੜਕਿਆਂ ਤੋਂ ਬਹੁਤ ਪਿੱਛੇ ਰਹੀਆਂ ਹਨ। ਸਮਾਜਿਕ ਤੌਰ ਤੇ ਅਸੀ ਇਸਤਰੀਆਂ ਦਾ ਕਾਰਜ ਖੇਤਰ ਘਰ ਮੰਨਦੇ ਹਾਂ ਜਿਸ ਕਰਕੇ ਅਸੀਂ ਕਹਿੰਦੇ ਰਹੇ ਹਾਂ ਕਿ ਲੜਕੀਆਂ ਨੂੰ ਵਿਦਿਆ ਦੀ ਲੋੜ ਨਹੀਂ ਹੈ। ਕਈ ਮਾਪੇ ਸਾਂਝੇ ਸਕੂਲਾਂ ਵਿਚ ਲੜਕੀਆਂ ਨੂੰ ਨਹੀਂ ਭੇਜਦੇ। ਕਈ ਮਾਪੇ ਲੜਕੀਆਂ ਨੂੰ ਪੜ੍ਹਨ ਲਈ ਇਸ ਕਰਕੇ ਨਹੀਂ ਭੇਜਦੇ ਕਿ ਉਨ੍ਹਾਂ ਨੇ ਘਰਾਂ ਵਿਚ ਆਪਣੀਆਂ ਮਾਵਾਂ ਦੇ ਘਰ ਦੇ ਕੰਮ ਵਿਚ ਹੱਥ ਵਟਾਉਣਾ ਹੈ। ਕਈ ਗਰੀਬ ਮਾਪੇ ਪਰਿਵਾਰ ਦੀ ਮਾਲੀ ਸਹਾਇਤਾ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਲੜਕੀਆਂ ਨੂੰ ਦੂਜਿਆਂ ਦੇ ਘਰਾਂ ਵਿਚ ਸਫਾਈ ਕਰਨ, ਭਾਂਡੇ ਮਾਂਜਣ ਆਦਿ ਦੇ ਕੰਮ ਲਈ ਭੇਜਦੇ ਹਨ।

ਲੜਕੀਆਂ ਦੀ ਵਿਦਿਆ ਬਾਰੇ ਮਾਪਿਆਂ ਦੇ ਵਤੀਰੇ ਨੂੰ ਬਦਲਿਆ ਜਾਵੇ। ਉਨ੍ਹਾਂ ਲਈ ਮੁਫਤ ਵਿਦਿਆ ਕਿਤਾਬਾਂ ਵਜੀਫਿਆਂ ਅਤੇ ਮੁਫਤ ਦੁਪਹਿਰ ਦੇ ਗਰਮ ਖਾਣੇ ਦਾ ਯੋਗ ਇੰਤਜ਼ਾਮ ਕੀਤਾ ਜਾਵੇ ਸਕੂਲਾਂ ਵਿਚ ਘੱਟੋਂ ਘੱਟ 50 ਇਸਤਰੀ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਵੇ। ਪੇਂਡੂ ਇਲਾਕਿਆਂ ਵਿਚ ਇਸਤਰੀ ਅਧਿਆਪਕਾਂ ਦੇ ਰਹਿਣ ਲਈ ਯੋਗ ਮਕਾਨਾਂ ਦੀ ਉਸਾਰੀ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਕਮਿਊਨਿਟੀ ਬਾਰੇ ਸਿਖਲਾਈ ਦਿੱਤੀ ਜਾਵੇ ਤਾਂ ਜੋ ਉਹ ਪਿੰਡਾਂ ਦੇ ਲੋਕਾਂ ਵਿਚ ਵਿਚਰ ਕੇ ਉਨ੍ਹਾਂ ਦੇ ਪੁਰਾਣੇ ਵਿਚਾਰਾਂ ਵਿਚ ਤਬਦੀਲੀ ਲਿਆਉਣ ਵਿਚ ਸਹਾਇਤਾ ਕਰ ਸਕਣ।

**2.2.6 ਕਮਜ਼ੋਰ ਵਰਗਾਂ ਦੀ ਸਿੱਖਿਆ ਲਈ ਉਲੀਕੇ ਪ੍ਰੋਗਰਾਮ :**

ਰਾਸ਼ਟਰੀ ਵਿਦਿਆ ਨੀਤੀ 1986 ਨੇ ਕਮਜ਼ੋਰ ਵਰਗਾਂ ਦੀ ਵਿਦਿਆ ਲਈ ਨਿਮਨ-ਪ੍ਰੋਗਰਾਮ ਉਲੀਕੇ ਹਨ :

**(1) ਇਸਤਰੀਆਂ ਦੀ ਸਮਾਨਤਾ ਲਈ ਸਿੱਖਿਆ :**

(ੳ) ਸਿੱਖਿਆ ਨੂੰ ਇਸਤਰੀ ਦੀ ਹਾਲਤ ਵਿਚ ਮੂਲ ਪਰਿਵਰਤਨ ਲਿਆਉਣ ਦੇ ਕਾਰਨ ਵਜੋਂ ਵਰਤਿਆ ਜਾਵੇਗਾ। ਨਵੀਂ ਵਿਦਿਆ ਪ੍ਰਣਾਲੀ ਔਰਤਾਂ ਨੂੰ ਹੱਕ ਦਿਵਾਉਣ ਵਿਚ ਰਚਨਾਤਮਕ ਅਤੇ ਸਾਹਸੀ ਰੋਲ ਅਦਾ ਕਰੇਗੀ। ਇਸ ਪੁਨਰ-ਵਿਉਂਤੇ ਸਿੱਖਿਆ-ਕ੍ਰਮ, ਪਾਠ ਪੁਸਤਕਾਂ, ਅਧਿਆਪਕਾਂ ਨਿਰਣਾਇਕ ਤੇ ਪ੍ਰਬੰਧਕਾਂ ਦੀ ਸਿਖਲਾਈ ਤੇ ਸੋਧ ਅਤੇ ਸਿੱਖਿਆ ਸੰਸਥਾਵਾਂ ਦੇ ਕਿਰਿਆਸ਼ੀਲ ਸ਼ਮੂਲੀਅਤ ਰਾਹੀਂ ਨਵੀਆਂ ਕਦਰਾਂ ਕੀਮਤਾਂ ਦੇ ਵਿਕਾਸ ਨੂੰ

ਵਧਾਉਣ ਲਈ ਸਿੱਖਿਆ ਸੰਸਥਾਵਾਂ ਨੂੰ ਕਾਰਗਰ ਪ੍ਰੋਗਰਾਮ ਹੱਥ ਵਿਚ ਲੈਣ ਲਈ ਉਤਸ਼ਾਹਿਤ ਕੀਤਾ ਜਾਏਗਾ।

(ਅ) ਇਸਤਰੀਆਂ ਵਿਚ ਅਨਪੜ੍ਹਤਾ ਦੂਰ ਕਰਨ ਨੂੰ ਅਤੇ ਮੁੱਢਲੀ ਸਿੱਖਿਆ ਦੀ ਪਹੁੰਚ ਤੇ ਪੜ੍ਹਾਈ ਜਾਰੀ ਰੱਖਣ ਦੇ ਰਾਹ ਵਿਚ ਰੁਕਾਵਟਾਂ ਦੇ ਦੂਰ ਕਰਨ ਨੂੰ ਵਿਸ਼ੇਸ਼ ਪ੍ਰਾਥਮਿਕਤਾ ਦਿੱਤੀ ਜਾਵੇਗੀ ਅਤੇ ਇੰਜ ਕਰਨ ਲਈ ਵਿਸ਼ੇਸ਼ ਸਹਾਇਤਾ ਸੇਵਾਵਾਂ ਮਿਆਦੀ ਟੀਚਿਆਂ ਤੇ ਪ੍ਰਭਾਵਸ਼ਾਲੀ ਨਿਰੀਖਣਾਂ ਦੀ ਵਿਵਸਥਾ ਕੀਤੀ ਜਾਵੇਗੀ। ਭਿੰਨ-ਭਿੰਨ ਪੱਧਰਾਂ ਤੇ ਵਿਵਸਾਇਕ, ਤਕਨੀਕੀ ਤੇ ਪੇਸ਼ਾਵਰਾਨਾ ਕੋਰਸਾਂ ਵਿਚ ਲਿੰਗ ਭੇਦ ਖਤਮ ਕਰਨ ਲਈ ਅਤੇ ਗੈਰ-ਰਸਮੀ ਧੰਦਿਆਂ ਅਤੇ ਮੌਜੂਦਾ ਤੇ ਉਭਰ ਰਹੀਆਂ ਤਕਨਾਲੋਜੀਆਂ ਵਿਚ ਇਸਤਰੀਆਂ ਦੀ ਭਾਈਵਾਲੀ ਨੂੰ ਉੱਨਤ ਕਰਨ ਲਈ ਗੈਰ ਪੱਖਪਾਤੀ ਨੀਤੀ ਪੂਰੇ ਉਤਸ਼ਾਹ ਨਾਲ ਚਲਾਈ ਜਾਵੇਗੀ।

**(2) ਅਨੁਸੂਚਿਤ ਜਾਤੀਆਂ ਦੀ ਵਿਦਿਆ :**

ਅਨੁਸੂਚਿਤ ਜਾਤੀਆਂ ਦੀ ਵਿਦਿਆ ਦੇ ਵਿਕਾਸ ਵਿਚ ਅਸਲੀ ਗੱਲ ਉਨ੍ਹਾਂ ਦੀ ਸਾਰੇ ਪੱਧਰਾਂ ਤੇ ਅਤੇ ਸਾਰੀਆਂ ਮਦਾਂ ਪੇਂਡੂ ਮਰਦਾਂ, ਪੇਂਡੂ ਔਰਤਾਂ,ਸ਼ਹਿਰੀ ਮਰਦਾਂ ਅਤੇ ਸ਼ਹਿਰੀ ਔਰਤਾਂ ਵਿਚ ਗੈਰ-ਅਨੁਸੂਚਿਤ ਜਾਤੀਆਂ ਨਾਲ ਬਰਾਬਰੀ ਹੈ। ਇਸ ਮੰਤਵ ਲਈ ਨਿਮਨ ਲਿਖਤ ਉਪਾਅ ਚਿਤਵੇ ਗਏ ਹਨ :

(ੳ) ਗਰੀਬ ਪਰਿਵਾਰਾਂ ਨੂੰ 14 ਸਾਲ ਦੀ ਉਮਰ ਤੱਕ ਆਪਣੇ ਬੱਚੇ ਸਕੂਲ ਵਿਚ ਬਾਕਾਇਦਾ ਭੇਜਣ ਲਈ ਉਤਸ਼ਾਹਿਤ ਕਰਨ ਵਾਲੇ ਨੂੰ ਸਹਾਇਤਾ ਦਿੱਤੀ ਜਾਵੇਗੀ।

(ਅ) ਸਫਾਈ ਕਰਨ, ਖੱਲਾਂ ਲਾਹੁਣ ਤੇ ਚਮੜਾ ਰੰਗਣ ਜਿਹੇ ਧੰਦਿਆਂ ਵਿਚ ਲੱਗੇ ਪਰਿਵਾਰਾਂ ਦੇ ਬੱਚਿਆਂ ਲਈ ਪੂਰਵ ਮੈਟ੍ਰਿਕ ਵਜੀਫਾ ਸਕੀਮ ਸ਼੍ਰੇਣੀ ਤੋਂ ਲਾਗੂ ਕੀਤੀ ਜਾਵੇਗੀ। ਪਰਿਵਾਰ ਦੀ ਆਮਦਨੀ ਦਾ ਧਿਆਨ ਰੱਖੇ ਬਗੈਰ ਇਨ੍ਹਾਂ ਪਰਿਵਾਰਾਂ ਦੇ ਬਾਰੇ ਬੱਚਿਆਂ ਨੂੰ ਇਸ ਸਕੀਮ ਹੇਠ ਲਿਆਂਦਾ ਜਾਵੇਗਾ ਅਤੇ ਉਨ੍ਹਾਂ ਵਾਸਤੇ ਨਿਸ਼ਚਿਤ ਟੀਚਿਆਂ ਦੀ ਪ੍ਰਾਪਤੀ ਲਈ ਸਮਾਂ-ਬੱਧ ਪ੍ਰੋਗਰਾਮ ਚਾਲੂ ਕੀਤੇ ਜਾਣਗੇ।

(ੲ) ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਕਿਸੇ ਵੀ ਪੱਧਰ ਤੇ ਦਾਖਲਾ ਲੈਣ, ਪੜ੍ਹਾਈ ਜਾਰੀ ਰੱਖਣ ਤੇ ਸਫਲਤਾ ਨਾਲ ਕੋਰਸ ਪੂਰਾ ਕਰਨ ਵਿਚ ਗਿਰਾਵਟ ਨਾ ਆਉਣ ਦੇਣ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਸੂਖਮ ਯੋਜਨਾਬੰਦੀ ਤੇ ਪੜਤਾਲ ਕੀਤੀ ਜਾਵੇਗੀ। ਅਗਲੇਰੀ ਸਿੱਖਿਆ ਤੇ ਰੋਜ਼ਗਾਰ ਵਿਚ ਉਨ੍ਹਾਂ ਦੇ ਭਵਿੱਖ ਨੂੰ ਉੱਜਵਲ ਬਣਾਉਣ ਲਈ ਉਪਚਾਰੀ ਕੋਰਸਾਂ ਦੀ ਵਿਵਸਥਾ ਕੀਤੀ ਜਾਵੇਗੀ।

(ਸ) ਅਨੁਸੂਚਿਤ ਜਾਤੀਆਂ ਵਿਚੋਂ ਅਧਿਆਪਕਾਂ ਦੀ ਭਰਤੀ।

(ਹ) ਪੜਾਅਵਾਰ ਪ੍ਰੋਗਰਾਮ ਅਧੀਨ ਜ਼ਿਲ੍ਹਾ ਸਦਰ ਮੁਕਾਮਾਂ ਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਹੋਸਟਲਾਂ ਦੀਆਂ ਸਹੂਲਤਾਂ ਦੀ ਵਿਵਸਥਾਂ।

(ਕ) ਸਕੂਲ ਇਮਾਰਤਾਂ, ਬਾਲਵਾੜੀਆਂ ਤੇ ਬਾਲਗ ਸਿੱਖਿਆ, ਕੇਂਦਰਾਂ ਲਈ ਥਾਵਾਂ ਇਸ ਢੰਗ ਨਾਲ ਚੁਣੀਆਂ ਜਾਣਗੀਆਂ ਤਾਂ ਜੋ ਅਨੁਸੂਚਿਤ ਜਾਤੀਆਂ ਦੀ ਇਨ੍ਹਾਂ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਹੋ ਸਕੇ।

(ਖ) ਅਨੁਸੂਚਿਤ ਜਾਤੀਆਂ ਨੂੰ ਭਰਪੂਰ ਸਿੱਖਿਆ ਉਪਲਬੱਧ ਕਰਾਉਣ ਲਈ ਐਨ.ਆਰ.ਈ.ਪੀ. ਅਤੇ ਆਰ.ਐਲ.ਈ.ਜੀ.ਪੀ. ਸਾਧਨਾਂ ਦੀ ਵਰਤੋਂ।

(ਗ) ਸਿੱਖਿਆ ਪ੍ਰਕਿਰਿਆ ਵਿਚ ਅਨੁਸੂਚਿਤ ਜਾਤੀਆਂ ਦੀ ਭਾਈਵਾਲੀ ਨੂੰ ਵਧਾਉਣ ਲਈ ਨਵੇਂ ਢੰਗ ਲੱਭਣ ਵਿਚ ਲਗਾਤਾਰ ਖੋਜ।

**3. ਅਨੁਸੂਚਿਤ ਕਬੀਲਿਆਂ ਦੀ ਵਿਦਿਆ :**

ਅਨੁਸੂਚਿਤ ਕਬੀਲਿਆਂ ਨੂੰ ਦੂਜਿਆਂ ਦੇ ਬਰਾਬਰ ਲਿਆਉਣ ਲਈ ਹੇਠ ਲਿਖੇ ਉਪਾਅ ਠੋਸ ਰੂਪ ਵਿਚ ਤਤਕਾਲ ਕੀਤੇ ਜਾਣਗੇ :

(ੳ) ਕਬਾਇਲੀ ਇਲਾਕਿਆਂ ਵਿਚ ਪ੍ਰਾਇਮਰੀ ਸਕੂਲ ਖੋਲਣ ਨੂੰ ਪਹਿਲ ਦਿੱਤੀ ਜਾਵੇਗੀ। ਇਨ੍ਹਾਂ ਇਲਾਕਿਆਂ ਵਿਚ ਇਮਾਰਤਾਂ ਦੀ ਉਸਾਰੀ ਦਾ ਕੰਮ ਵਿਦਿਆ ਲਈ ਸਧਾਰਨ ਫੰਡਾਂ, ਐਨ.ਆਰ.ਈ.ਪੀ. ਆਰ. ਐਲ.. ਈ.ਜੀ.ਪੀ. ਤੇ ਕਬਾਇਲੀ ਭਲਾਈ ਸਕੀਮ ਆਦਿ ਅਧੀਨ ਪਹਿਲ ਦੇ ਆਧਾਰ ਤੇ ਸ਼ੁਰੂ ਕੀਤਾ ਜਾਵੇਗਾ।

(ਅ) ਅਨੁਸੂਚਿਤ ਕਬੀਲਿਆਂ ਦੇ ਸਮਾਜਿਕ ਸਭਿਆਚਾਰਕ ਵਾਤਾਰਨ ਦੀਆਂ ਨਿਵੇਕਲੀਆਂ ਵਿਸ਼ੇਸ਼ਤਾਵਾਂ ਤੇ ਉਨ੍ਹਾਂ ਦੀਆਂ ਆਪਣੀਆਂ ਬੋਲੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਮੁੱਢਲੇ ਪੜਾਵਾਂ ਦੇ ਕਬਾਇਲੀ ਭਾਸ਼ਾਵਾਂ ਵਿਚ ਪਾਠ-ਕ੍ਰਮ ਵਿਕਸਿਤ ਕਰਨ ਤੋਂ ਸਿੱਖਿਆ ਸਮੱਗਰੀ ਵਿਉਂਤਣ ਦੀ ਲੋੜ ਤੇ ਜ਼ੋਰ ਦਿੱਤਾ ਜਾਵੇਗਾ। ਅਜਿਹੇ ਪ੍ਰਬੰਧ ਕੀਤੇ ਜਾਣਗੇ ਕਿ ਬਾਅਦ ਵਿਚ ਸਿੱਖਿਆ ਪ੍ਰਾਂਤਕ ਭਾਸ਼ਾ ਵਿਚ ਦਿੱਤੀ ਜਾ ਸਕੇ।

(ੲ) ਕਬਾਇਲੀ ਇਲਾਕਿਆਂ ਵਿਚ ਪੜ੍ਹਾਉਣ ਲਈ ਅਨੁਸੂਚਿਤ ਕਬੀਲਿਆਂ ਦੇ ਪੜ੍ਹੇ ਲਿਖੇ ਤੇ ਹੋਣਹਾਰ ਨੌਜਵਾਨਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਤੇ ਸਿਖਲਾਈ ਦਿੱਤੀ ਜਾਵੇਗੀ।

(ਸ) ਰਿਹਾਇਸ਼ੀ ਸਕੂਲ ਆਸ਼ਰਮ ਸਕੂਲ ਸਮੇਤ ਵੱਡੀ ਗਿਣਤੀ ਵਿਚ ਸਥਾਪਤ ਕੀਤੇ ਜਾਣਗੇ।

(ਹ) ਅਨੁਸੂਚਿਤ ਕਬੀਲਿਆਂ ਦੀਆਂ ਵਿਸ਼ੇਸ਼ ਲੋੜਾਂ ਤੇ ਜੀਵਨ ਢੰਗਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਲਈ ਸਹਾਇਤਾ ਸਕੀਮਾਂ ਤਿਆਰ ਕੀਤੀਆਂ ਜਾਣਗੀਆਂ। ਉਚੇਰੀ ਵਿਦਿਆ ਪੱਧਰ ਤੇ ਤਕਲੀਕੀ ਪੇਸ਼ਾਵਾਰਾਨਾ ਤੇ ਨੀਮ-ਪੇਸ਼ਾਵਾਰਾਨਾ ਕੋਰਸਾਂ ਲਈ ਵਜ਼ੀਫੇ ਦਿੱਤੇ ਜਾਣਗੇ। ਮਨੋ ਸਮਾਜਿਕ ਰੁਕਾਵਟਾਂ ਨੂੰ ਦੂਰ ਕਰਨ ਲਈ ਵਿਸ਼ੇਸ਼ ਉਪਚਾਰੀ ਕੋਰਸ ਤੇ ਦੂਜੇ ਪ੍ਰੋਗਰਾਮ ਚਾਲੂ ਕੀਤੇ ਜਾਣਗੇ ਤਾਂ ਜੋ ਭਿੰਨ-ਭਿੰਨ ਪ੍ਰਕਾਰ ਦੇ ਕੋਰਸਾਂ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਹੋਰ ਉੱਨਤ ਕੀਤਾ ਜਾ ਸਕੇ।

(ਕ) ਪ੍ਰਮੁੱਖ ਕਬਾਇਲੀ ਵਿਚ ਆਂਗਨ ਵਾੜੀਆਂ, ਗੈਰ-ਰਸਮੀ ਸਿੱਖਿਆ ਕੇਂਦਰ ਤੇ ਬਾਲਗ ਸਿੱਖਿਆ ਕੇਂਦਰ ਤਰਜੀਹੀ ਤੌਰ ਤੇ ਜਾਣਗੇ।

(ਖ) ਕਬਾਇਲੀ ਲੋਕਾਂ ਦੀ ਭਰਪੂਰ ਸਭਿਆਚਾਰਕ ਹੋਂਦ ਤੇ ਭਾਰੀ ਸਿਰਜਨਾਤਮਕ ਯੋਗਤਾ ਦੀ ਜਾਣਕਾਰੀ ਪੈਦਾ ਕਰਨ ਲਈ ਵਿਦਿਆ ਦੇ ਸਾਰੇ ਪੱਧਰਾਂ ਤੇ ਪਾਠ-ਕ੍ਰਮ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ।

**4. ਵਿਦਿਅਕ ਦ੍ਰਿਸ਼ਟੀ ਤੋਂ ਪਛੜੇ ਦੂਜੇ ਵਰਗਾਂ ਦੇ ਖੇਤਰ :**

ਵਿਦਿਅਕ ਦ੍ਰਿਸ਼ਟੀ ਤੋਂ ਪਛੜੇ ਸਮਾਜ ਦੇ ਵਰਗਾਂ ਨੂੰ ਵਿਸ਼ੇਸ਼ ਕਰਕੇ ਪੇਂਡੂ ਖੇਤਰ ਵਿਚ ਮੁਨਾਸਿਬ ਸਹਾਇਤਾ ਦਿੱਤੀ ਜਾਵੇਗੀ। ਪਹਾੜੀ ਤੇ ਰੇਗਸਥਾਨੀ ਜ਼ਿਲ੍ਹਿਆਂ ਵਿਚ ਦੂਰ ਦੁਰਾਡੇ ਦੇ ਖੇਤਰ ਵਿਚ ਅਤੇ ਟਾਪੂਆਂ ਵਿਚ ਸਿੱਖਿਆ ਦੀਆਂ ਲੋੜੀਂਦੀਆਂ ਸੰਸਥਾਵਾਂ ਖੋਲ੍ਹੀਆਂ ਜਾਣਗੀਆਂ।

**5. ਘੱਟ ਗਿਣਤੀ ਵਰਗ :**

ਘੱਟ ਗਿਣਤੀ ਵਰਗ ਤੇ ਜਿਹੜੇ ਵਰਗ ਸਿੱਖਿਆ ਤੋਂ ਵਾਂਝੇ ਤੇ ਪਛੜੇ ਹਨ, ਉਨ੍ਹਾਂ ਦੀ ਸਿੱਖਿਆ ਵਲ ਵਧੇਰੇ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਦੀਆਂ ਭਾਸ਼ਾਵਾਂ ਅਤੇ ਸਭਿਆਚਾਰ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ ਅਤੇ ਇਸਨੂੰ ਪਾਠ ਪੁਸਤਕਾਂ ਤੋਂ ਸਕੂਲ ਕਿਰਿਆਵਾਂ ਵਿਚ ਪ੍ਰਦਰਸ਼ਿਤ ਕੀਤਾ ਜਾਵੇਗਾ।

ਸਪਸ਼ਟ ਹੈ ਕਿ ਕਮਜ਼ੋਰ ਵਰਗਾਂ ਦੀ ਵਿਦਿਆ ਦੀਆਂ ਸਮੱਸਿਆਵਾਂ ਬਹੁਤ ਹਨ, ਪਰੰਤੂ ਇਹ ਵੀ ਸੱਚ ਹੈ ਕਿ ਦੇਸ਼ ਦੀ ਸਰਕਾਰ ਦਾ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਪੂਰਾ ਧਿਆਨ ਹੈ। ਇਸ ਪ੍ਰਕਾਰ ਇਨ੍ਹਾਂ ਸ੍ਰੇਣੀਆਂ ਦੀ ਵਿਦਿਆ ਸੰਭਾਵਨਾਵਾਂ ਬਹੁਤ ਚੰਗੀਆਂ ਹਨ।

### 2.2.7 ਅਭਿਆਸ ਪ੍ਰਸ਼ਨ

(ੳ) ਸਮਾਜ ਦੇ ਕਮਜ਼ੋਰ ਵਰਗਾਂ ਦੀ ਸਿੱਖਿਆ, ਸਮੱਸਿਆਵਾਂ ਤੇ ਸੰਭਾਵਨਾਵਾਂ ਤੇ ਆਪਣੇ ਵਿਚਾਰ ਪੇਸ਼ ਕਰੋ।

(ਅ) ਸਮਾਜ ਦੇ ਕਮਜ਼ੋਰ ਵਰਗਾਂ ਦੀ ਸਿੱਖਿਆ ਪੱਧਰ ਦੀ ਕੀਮਤ ਤੇ ਪਸਾਰ ਤੇ ਚਾਨਣਾ ਪਾਉ।

### 2.2.8 ਸੁਝਾਈਆਂ ਗਈਆਂ ਪੁਸਤਕਾਂ

(ੳ) ਏ.ਬੀ. ਸ਼ਾਹ ਐਂਡ ਸੁਸ਼ੀਲਭਾਨ : ਨਾਨ-ਫਾਰਮਲ ਐਜੂਕੇਸ਼ਨ ਐਂਡ ਐਨ.ਏ.ਪੀ., ਆਕਸਫੋਰਡ ਯੂਨੀਵਰਸਿਟੀ ਪ੍ਰੈਸ, ਨਿਊ ਦਿੱਲੀ, 1980।

(ਅ) ਟੀ.ਐਸ.ਸੋਢੀ : ਐੱਡਲਟ ਐਜੂਕੇਸ਼ਨ ਏ ਮਲਟੀ-ਡਸਿਪਲਨਰੀ ਆਪ੍ਰੋਚ, ਬੀ.ਡੀ. ਕਲਸੀਆ ਐਂਡ ਸੰਨਜ਼, ਲੁਧਿਆਣਾ।

ਪਾਠ ਨੰ. 2.3

ਲੇਖਿਕਾ : ਡਾ. ਤਸਨੀਮ ਖ਼ਾਨ

ਪਾਠ ਬਣਤਰ

2.3.1 ਉਦੇਸ਼ ( Objectives)
2.3.2 ਜਾਣ ਪਛਾਣ (Introduction)
2.3.3 ਇਸਤਰੀਆਂ ਦੀ ਸਿੱਖਿਆ
2.3.3.1 ਜ਼ਰੂਰਤ ਅਤੇ ਮੱਹਤਤਾ (Need and Importance)
2.3.4 ਇਸਤਰੀ ਸਿੱਖਿਆ ਦੀਆਂ ਸਮੱਸਿਆਵਾਂ (Problems of women Education)
2.3.5 ਵੱਖ-ਵੱਖ ਕਮਿਸ਼ਨਾਂ ਤੇ ਕਮੇਟੀਆਂ ਦੀਆਂ ਸਿਫਾਰਸ਼ਾਂ (Recommendations of various commission and committee)
2.3.6 ਇਸਤਰੀ ਸਿੱਖਿਆ : ਪੱਧਰ ਅਤੇ ਭਵਿੱਖ (Women education : Status and Future)
2.3.7 ਸਾਰ ( Summary )
2.3.8 ਸਵੈ ਮੁਲਾਂਕਣ ਲਈ ਪ੍ਰਸ਼ਨ (Self evaluation)
2.3.9 ਸੁਝਾਈਆਂ ਪੁਸਤਕਾਂ (Suggested books)

## 2.3.1 ਉਦੇਸ਼ (**Objective**)

ਇਹ ਪਾਠ ਪੜ੍ਹਨ ਤੋਂ ਬਾਅਦ ਤੁਸੀ ਇਹ ਸਮਝਣਯੋਗ ਹੋ ਜਾਵੋਗੇ ਕਿ :

- ਇਸਤਰੀ ਸਿੱਖਿਆ ਦਾ ਅਰਥ ਕੀ ਹੈ।
- ਇਸਤਰੀ ਸਿੱਖਿਆ ਦੀ ਜ਼ਰੂਰਤ ਅਤੇ ਮਹੱਤਤਾ ਕੀ ਹੈ।
- ਇਸਤਰੀ ਸਿੱਖਿਆ ਦੀਆ ਸਮੱਸਿਆਵਾਂ ਕੀ ਹਨ।
- ਕਮਿਸ਼ਨਾਂ ਅਤੇ ਕਮੇਟੀਆਂ ਦੀਆਂ ਸਿਫਾਰਸ਼ਾਂ ਕੀ ਹਨ।
- ਇਸਤਰੀ ਸਿੱਖਿਆ ਦਾ ਪੱਧਰ ਅਤੇ ਭਵਿੱਖ ਕੀ ਹੈ।

## 2.3.2 ਜਾਣ ਪਛਾਣ (**Introduction**)

ਇਸਤਰੀਆਂ ਭਾਰਤੀ ਸਮਾਜ ਦੀ ਆਬਾਦੀ ਦਾ ਤਕਰੀਬਨ ਅੱਧਾ ਹਿੱਸਾ ਹਨ, ਇਸਤਰੀਆਂ ਨੇ ਦੇਸ਼ ਦੇ ਇਤਿਹਾਸ ਵਿੱਚ ਹਰ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਅੱਜ ਸੰਸਾਰ ਦੇ ਹਰ ਕੋਨੇ ਵਿੱਚ ਇਸਤਰੀਆਂ ਦੇ ਅਧਿਕਾਰਾਂ ਦੀ ਗੱਲ ਚਲ ਰਹੀ ਹੈ। ਇਸਤਰੀਆਂ ਦੇ ਅਧਿਕਾਰਾਂ ਦੀ ਗੱਲ ਤਾਂ ਹੀ ਸਾਰਥਕ ਰੂਪ ਲੈ ਸਕਦੀ ਹੈ ਜੇਕਰ ਉਹ ਪੜ੍ਹੀਆਂ -ਲਿਖੀਆਂ ਹੋਣਗੀਆਂ ਦੇਸ਼ ਦੀ ਆਜ਼ਾਦੀ ਤੋ ਪਹਿਲਾਂ ਭਾਰਤ ਵਿੱਚ ਇਸਤਰੀਆਂ ਸਿੱਖਿਆ ਦੇ ਖੇਤਰ ਵਿੱਚ ਮਰਦਾਂ ਨਾਲੋ ਬਹੁਤ ਪਿੱਛੇ ਸਨ ਜਿਸ ਕਾਰਨ ਉਹ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਿਕ ਤੌਰ ਤੇ ਵੀ ਪਛੜੀਆਂ ਰਹੀਆਂ। ਪਰੰਤੂ ਦੇਸ਼ ਦੀ ਅਜਾਦੀ ਤੋ ਬਾਅਦ ਇਸਤਰੀਆਂ ਦੀ ਸਮਾਨਤਾ ਉੱਤੇ ਜ਼ੋਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਸੰਵਿਧਾਨ ਦੁਆਰਾ ਮਰਦਾਂ ਦੇ ਬਰਾਬਰ ਅਧਿਕਾਰ ਵੀ ਪ੍ਰਦਾਨ ਕੀਤੇ ਗਏ। ਇਸਤਰੀਆਂ ਨੂੰ ਆਰਥਕ, ਸਮਾਜਿਕ ਅਤੇ ਰਾਜਨੀਤਿਕ ਤੌਰ ਤੇ ਮਜ਼ਬੂਤ ਬਣਾਉਣ ਲਈ ਇਸ ਗੱਲ ਤੇ ਵੀ ਜ਼ੋਰ ਦਿੱਤਾ ਜਾਣ ਲੱਗਾ ਕਿ ਇਸਤਰੀਆਂ ਸਿੱਖਿਆ ਦੇ ਖੇਤਰ ਵਿੱਚ ਮਰਦਾਂ ਤੋ ਪਿੱਛੇ ਨਾ ਰਹਿਣ।ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਸਿੱਖਿਆ ਦੇਣ ਅਤੇ ਇਨ੍ਹਾਂ ਨੂੰ ਇਸ ਖੇਤਰ ਵਿੱਚ ਅੱਗੇ ਲਿਆਉਣ ਦੀ ਨੀਤੀ ਨੂੰ ਹੀ ਇਸਤਰੀ ਸਿੱਖਿਆ ਦਾ ਨਾਂ ਦਿੱਤਾ ਜਾਂਦਾ ਹੈ।

**2.3.3 ਇਸਤਰੀਆਂ ਦੀ ਸਿੱਖਿਆ :**

ਇਸਤਰੀਆਂ ਦੀ ਆਰਥਕ ਅਤੇ ਸਮਾਜਿਕ ਪਛੜੇਪਨ ਨੂੰ ਦੂਰ ਕਰਨ ਲਈ ਇਸਤਰੀਆਂ ਵਿੱਚ ਸਿੱਖਿਆ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸਤਰੀਆਂ ਲਈ ਸਿੱਖਿਆਂ ਦੀ ਮਰਦਾਂ ਤੇ ਵੀ ਜਿਆਦਾ ਮੱਹਤਤਾ ਹੈ।

**1. ਜ਼ਰੂਰਤ ਅਤੇ ਮਹੱਤਤਾ**

ਸਿੱਖਿਆ ਦੁਆਰਾ ਇਸਤਰੀ ਦਾ ਵਕਾਰ, ਪਰਿਵਾਰ ਵਿੱਚ ਤੇ ਸਮਾਜ ਵਿੱਚ ਉੱਚਾ ਉਠਦਾ ਹੈ। ਇਸਦਾ ਸਮਾਜ ਵਿੱਚ ਆਰਥਿਕ ਪੱਖ ਤੋ, ਤੇ ਸਭਿਆਚਾਰਕ ਪੱਖ ਤੋਂ ਚੰਗਾ ਪ੍ਰਭਾਵ ਪੈਂਦਾ ਹੈ। ਅਸਿੱਧੇ ਢੰਗ ਨਾਲ ਇਸਤਰੀ ਸਿੱਖਿਆ ਪਰਿਵਾਰ ਦਾ ਆਕਾਰ ਛੋਟਾ ਰੱਖਣ, ਛੋਟੇ ਬੱਚਿਆਂ ਦੇ ਮਰਨ ਦਰ ਨੂੰ ਘਟਾਉਣ, ਉਹਨਾਂ ਦੀ ਸਿਹਤ ਠੀਕ ਰੱਖਣ, ਤੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਵਿੱਚ ਆਪਣਾ ਯੋਗਦਾਨ ਪਾਉਂਦੀ ਹੈ। ਪੰਡਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਲੜਕੇ ਦੀ ਸਿੱਖਿਆ ਕੇਵਲ ਇੱਕ ਵਿਅਕਤੀ ਦੀ ਹੀ ਸਿੱਖਿਆ ਹੁੰਦੀ ਹੈ, ਪਰੂੰਤ ਇੱਕ ਲੜਕੀ ਦੀ ਸਿੱਖਿਆ ਸਾਰੇ ਪਰਿਵਾਰ ਦੀ ਸਿੱਖਿਆ ਦਾ ਕੰਮ ਕਰਦੀ ਹੈ। ਇਹ ਘਰ ਦੇ ਵਾਤਾਵਰਣ ਨੂੰ ਸੁਖਾਵਾ ਬਣਾਦੀ ਹੈ, ਨਵੀ ਪੀੜੀ ਨੂੰ ਵੱਧੇਰੇ ਸੱਭਿਆ ਬਣਾਉਦੀ ਹੈ, ਸਮਾਜਕ ਕੀਮਤਾਂ ਦਾ ਵਿਕਾਸ ਕਰਦੀ ਹੈ, ਅਤੇ ਬੱਚਿਆਂ ਵਿੱਚ ਨੈਤਿਕ ਕੀਮਤਾਂ ਦਾ ਵਿਕਾਸ ਠੀਕ ਢੰਗ ਨਾਲ ਕਰਦੀ ਹੈ। ਇਸ ਲਈ ਇਸਤਰੀ ਸਿੱਖਿਆ ਵੱਲ ਵੱਧ ਧਿਆਨ ਦੇਣਾ ਚਾਹੀਦਾ ਹੈ। ਇਸ ਨਾਲ ਉਸਦਾ ਹੀ ਰੁੱਤਬਾ ਉੱਚਾ ਨਹੀ ਹੁੰਦਾ ਸਗੋ ਸਾਰੇ ਪਰਿਵਾਰ ਦਾ ਵਕਾਰ ਉੱਚਾ ਹੁੰਦਾ ਹੈ। ਇਸ ਲਈ ਦੁਨੀਆਂ ਦੇ ਵਿਕਸਿਤ ਦੇਸ਼ ਇਸਤਰੀ ਸਿੱਖਿਆ ਵੱਲ ਵਧੇਰੇ ਧਿਆਨ ਦੇ ਰਹੇ ਹਨ ਤੇ ਵਿਕਾਸ ਕਰ ਰਹੇ ਦੇਸ਼ ਵੀ ਇਸਤਰੀ ਸਿੱਖਿਆ ਵੱਲ ਵੱਧ ਤੋ ਵੱਧ ਧਿਆਨ ਦੇ ਰਹੇ ਹਨ।

**2.3.4 ਇਸਤਰੀ ਸਿੱਖਿਆ ਦੀਆਂ ਸੱਮਸਿਆਵਾਂ (Problems of Women Education )**

ਭਾਵੇਂ ਭਾਰਤ ਵਿੱਚ ਇਸਤਰੀ ਸਿੱਖਿਆ ਦੇ ਸਤਰ ਨੂੰ ਉੱਚਾ ਚੁੱਕਣ ਲਈ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਜਾਂ ਰਹੀਆਂ ਹਨ ਪਰੰਤੂ ਇਸਦੇ ਰਸਤੇ ਵਿੱਚ ਅਜੇ ਵੀ ਅਨੇਕਾਂ ਸਮੱਸਿਆਵਾਂ ਹਨ। ਇੰਨ੍ਹਾਂ ਵਿੱਚੋ ਕੁਝ ਪ੍ਰਮੁੱਖ ਸਮੱਸਿਆਵਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ।

**ੳ. ਇਸਤਰੀਆਂ ਵਿੱਚ ਮਰਦਾਂ ਨਾਲੋਂ ਘੱਟ ਸਾਖਰਤਾ (Women are less literate than men)-**

ਇਸਤਰੀਆਂ ਦੀ ਸਾਖਰਤਾ ਦੀ ਦਰ ਭਾਰਤ ਦੇ ਭਿੰਨ-ਭਿੰਨ ਖੇਤਰਾਂ ਵਿੱਚ ਮਰਦਾਂ ਨਾਲੋ ਕਿਧਰੇ ਘੱਟ ਹੈ। ਇਸ ਲਈ ਲੋੜ ਹੈ ਕਿ ਇਸਤਰੀਆਂ ਦੀ ਸਾਖਰਤਾ ਮਰਦਾਂ ਦੇ ਬਰਾਬਰ ਲਿਆਦੀ ਜਾਵੇ। ਅਜਿਹਾ ਕਰਨ ਨਾਲ ਹੀ ਦੇਸ਼ ਆਰਥਕ, ਸਮਾਜਕ, ਸਭਿਆਚਾਰਕ ਤਰੱਕੀ ਅਤੇ ਆਬਾਦੀ ਦੇ ਵਾਧੇ ਨੂੰ ਘਟਾਉਣ ਦੇ ਪੱਖ ਤੋਂ ਉੱਨਤੀ ਕਰ ਸਕੇਗਾ।

**ਇਸਤਰੀਆਂ ਨਾਲ ਭਾਂਤ-ਭਾਂਤ ਦੇ ਵਿਤਕਰੇ (Many types of discrimination against women)**

ਇਸਤਰੀ ਸਿੱਖਿਆ ਦੀ ਤਰੱਕੀ ਦੇ ਰਾਹ ਵਿੱਚ ਪਿਛਾਂਹ ਖਿੱਚੂ ਵਿਚਾਰ, ਗਰੀਬੀ, ਇਸਤਰੀ ਸਕੂਲਾਂ ਦੀ ਘਾਟ,ਇਸਤਰੀ ਅਧਿਆਪਕਾਂ ਦੀ ਘਾਟ, ਸਰਕਾਰ ਦੀ ਦਿਲਚਸਪੀ ਦੀ ਘਾਟ, ਫ਼ੇਲ੍ਹ ਹੋਣ ਤੇ ਪੜ੍ਹਾਈ ਵਿੱਚ ਹੀ ਛੱਡ ਜਾਣਾ ਤੇ ਸਲੇਬਸ ਦਾ ਅਨੁਕੂਲ ਨਾ ਹੋਣਾ ਵੀ ਸ਼ਾਮਲ ਹਨ। ਇਸ ਦੇ ਨਾਲ-ਨਾਲ ਸਮਾਜਕ ਤੇ ਸਭਿਆਚਾਰਕ ਵਿਤਕਰੇ ਤੇ ਧਰਮ ਨੇ ਵੀ ਇਸ ਵਿੱਚ ਆਪਣਾ ਯੋਗਦਾਨ ਪਾਇਆ ਹੈ।

**ੲ) ਸਭਿਆਚਾਰਕ ਵਿਤਕਰੇ (Cultural Discriminations)**

ਇਸਤਰੀਆਂ ਦੇ ਆਚਰਨ ਬਾਰੇ ਸਾਡੇ ਸਮਾਜ ਵਿੱਚ ਜੋ ਕੀਮਤਾ ਬਣ ਚੁੱਕੀਆਂ ਹਨ, ਉਸ ਅਨੁਸਾਰ ਉਨ੍ਹਾ ਦੇ ਘਰ ਦੇ ਕੰਮ-ਕਾਰ ਤੇ ਬੱਚੇ ਪੈਦਾ ਕਰਨ ਦੇ ਕੰਮਾਂ ਦਾ ਇਸਤਰੀ ਸਿੱਖਿਆ ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਲੜਕੀਆਂ ਨੂੰ ਸਕੂਲ ਨਾ ਘੱਲਣ ਬਾਰੇ ਕੀਮਤਾਂ, ਉਨ੍ਹਾਂ ਦੇ ਘਰੋਂ ਬਾਹਰ ਜਾਣ ਤੇ ਪਾਬੰਦੀਆਂ, ਛੋਟੀ ਉਮਰ ਵਿੱਚ ਸ਼ਾਦੀ ਕਰਨ ਦੀ ਰਸਮ ਆਦਿ ਦਾ ਇਸਤਰੀ ਸਿੱਖਿਆ ਤੇ ਅਸੁਖਾਵਾਂ ਅਸਰ ਪੈਂਦਾ ਹੈ। ਇਹ ਸਾਡੇ ਸਮਾਜ ਵਿੱਚ ਸਥਾਪਤ ਤੰਗ ਕੀਮਤਾਂ ਨੂੰ ਦਰਸਾਉਂਦੀਆਂ ਹਨ। ਲਿੰਗ ਦੇ ਆਧਾਰ ਤੇ ਵਿਤਕਰੇ ਵੱਖ-ਵੱਖ ਸਮਾਜਕ ਤੇ ਆਰਥਿਕ ਗਰੁੱਪਾਂ ਵਿੱਚ ਤੇ ਘੱਟ ਗਿਣਤੀਆਂ ਵਿੱਚ ਵਧੇਰੇ ਹੁੰਦੇ ਹਨ। ਗ਼ਰੀਬ ਘਰਾਣਿਆਂ ਵਿੱਚ ਆਰਥਿਕਤਾ ਦੀ ਘਾਟ ਕਾਰਣ ਲੜਕੀ ਨੂੰ ਘਰ ਦਾ ਬਹੁਤ ਕੰਮ ਕਰਨਾ ਪੈਂਦਾ ਹੈ ਜੋ ਕਿ ਉਸ ਦੀ ਸਿੱਖਿਆ ਦੇ ਰਾਹ ਵਿੱਚ ਰੋੜ੍ਹਾ ਅਟਕਾਉਂਦਾ ਹੈ।

**(ਸ) ਸਿੱਖਿਆ ਵਿਤਕਰੇ (Educational Discrimination)**

ਸਿੱਖਿਆ ਦੇ ਖੇਤਰ ਵਿੱਚ ਲੜਕੀਆਂ ਲਈ ਘੱਟ ਵਿਵਸਥਾਵਾਂ ਦੇ ਕਈ ਕਾਰਣ ਹਨ ਜਿਸ ਤਰ੍ਹਾਂ ਕਿ ਲੜਕੀਆਂ ਲਈ ਵੱਖ-ਵੱਖ ਸਿੱਖਿਅਕ ਪਧਰਾਂ ਤੇ ਸੁਵਿਧਾਵਾਂ ਦੀ ਘਾਟ, ਪੁਰਾਣੇ ਕੋਰਸਾਂ ਵਿੱਚ ਦਾਖ਼ਲੇ ਦੀਆਂ ਪੁਰਾਣੀਆਂ ਪਾਬੰਦੀਆਂ, ਕੁਰੀਕੁਲਮ ਵਿਚਲੇ

ਵਿਤਕਰੇ, ਅਧਿਆਪਕਾਂ ਤੇ ਪ੍ਰਸ਼ਾਸਕਾਂ ਦਾ ਘਟੀਆ ਵਤੀਰਾ ਤੇ ਇਸਤਰੀਆਂ ਦਾ ਉਚਰੀਆ ਪਦਵੀਆਂ ਤੇ ਘੱਟ ਹੋਣਾ ਆਦਿ। ਲੜਕੀਆਂ ਦਾਖ਼ਲ ਹੋ ਰਹੀਆਂ ਹਨ। ਹੁਣ ਤਾਂ ਬੁੱਧੀਜੀਵੀ ਵੀ ਇਹ ਸਮਝਣ ਲਗ ਗਏ ਹਨ ਕਿ ਲੜਕੀਆਂ ਹੀ ਲੜਕਿਆਂ ਨਾਲੋਂ ਜ਼ਿਆਦਾ ਪੜ੍ਹਾਈ ਕਰਦੀਆਂ ਹਨ। ਹੁਣ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਇਮਤਿਹਾਨਾਂ ਵਿੱਚ ਲੜਕੀਆਂ ਦੇ ਉੱਚੇ ਸਥਾਨ ਆ ਰਹੇ ਹਨ। 1999 ਵਿੱਚ ਪੰਜਾਬ ਯੂਨੀਵਰਸਿਟੀਆਂ ਦੇ ਦਾਖ਼ਲਿਆਂ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਲਗਭਗ ਸਾਰੇ ਵਿਭਾਗਾਂ ਵਿੱਚ, ਜਦੋਂ ਵਿਸ਼ੇਸ਼ ਦਾਖ਼ਲੇ ਦਾ ਇਮਤਿਹਾਨ ਲੈ ਕੇ ਦਾਖ਼ਲਾ ਕੀਤਾ ਗਿਆ, ਤਾਂ ਲੜਕੀਆਂ, ਲੜਕਿਆਂ ਨਾਲੋਂ ਵਧੇਰੇ ਦਾਖ਼ਲਾ ਪ੍ਰਾਪਤ ਕਰ ਸਕੀਆਂ ਸੀ। ਇਸੇ ਪ੍ਰਕਾਰ ਦੇ ਝੁਕਾਅ ਬਾਕੀ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿੱਚ ਵੀ ਦੇਖਣ ਵਿੱਚ ਆਏ ਹਨ। ਅੱਜ ਸਥਿਤੀ ਇਹ ਹੈ ਕਿ ਹਰ ਰੋਜ਼ ਅਖਬਾਰਾਂ ਵਿੱਚ ਉਨ੍ਹਾਂ ਲੜਕੀਆਂ ਦੀਆਂ ਫੋਟੋਆਂ ਦੇਖਣ ਵਿੱਚ ਆਉਂਦੀਆਂ ਹਨ ਜੋ ਕਿ ਯੂਨੀਵਰਸਿਟੀਆਂ ਵਿੱਚ ਅੱਵਲ ਆਉਂਦੀਆਂ ਹਨ। ਸਾਡੀਆਂ ਅਦਾਲਤਾਂ (Courts)ਨੇ ਵੀ ਕਈ ਇਸ ਤਰ੍ਹਾਂ ਦੇ ਫ਼ੈਸਲੇ ਕੀਤੇ ਹਨ ਜਿਨ੍ਹਾਂ ਦੇ ਫਲ ਸਰੂਪ ਵੀ ਵਿਤਕਰਾਂ ਘਟਿਆ ਹੈ।

### 2.3.5 ਵੱਖ-ਵੱਖ ਕਮਿਸ਼ਨਾਂ ਤੇ ਕਮੇਟੀਆਂ ਦੀਆਂ ਸਿਫਾਰਸ਼ਾਂ-

ਇਸਤਰੀ ਸਿੱਖਿਆ ਦੇ ਸਤਰ ਨੂੰ ਉੱਚਾ ਚੁੱਕਣ ਲਈ ਸਰਕਾਰ ਨੇ ਸਮੇਂ-ਸਮੇਂ ਉੱਤੇ ਕਮਿਸ਼ਨਾਂ ਅਤੇ ਕਮੇਟੀਆਂ ਦਾ ਗਠਨ ਕੀਤਾ ਹੈ। ਇਨ੍ਹਾਂ ਕਮਿਸ਼ਨਾਂ ਅਤੇ ਕਮੇਟੀਆਂ ਦੀਆਂ ਮੁੱਖ ਸਿਫਾਰਸ਼ਾ ਹੇਠ ਲਿਖੇ ਅਨੁਸਾਰ ਹਨ।-

1. **ਇਸਤਰੀ ਸਿੱਖਿਆ ਲਈ ਕੌਮੀ ਪੱਧਰ ਦੀ ਕੌਸਲ 1958-59 (National Committee on Women Education-1958-59)** :

ਦੁਰਗਾ ਬਾਈ ਦੇਸ਼-ਮੁੱਖ ਦੀ ਪ੍ਰਧਾਨਗੀ ਵਿੱਚ ਬਣਾਈ ਗਈ ਵਿਸ਼ੇਸ਼ ਕਮੇਟੀ ਨੇ ਆਪਣੀ ਰਿਪੋਰਟ 1959 ਵਿੱਚ ਪੇਸ਼ ਕੀਤੀ ਸੀ ਜਿਸ ਵਿੱਚ ਹੇਠ ਲਿਖੀਆਂ ਸਿਫ਼ਾਰਸ਼ਾਂ ਕੀਤੀਆਂ ਸੀ।

1. ਇਸਤਰੀਆਂ ਅਤੇ ਲੜਕੀਆਂ ਦੇ ਵਿਕਾਸ ਲਈ ਕੌਮੀ ਪੱਧਰ ਦੀ ਕੌਂਸਲ ਸਥਾਪਤ ਕੀਤੀ ਜਾਵੇ।
2. ਪ੍ਰਾਂਤਿਕ ਸਰਕਾਰਾਂ ਨੂੰ ਵੀ ਪ੍ਰਾਂਤਿਕ ਪੱਧਰ ਤੇ ਲੜਕੀਆਂ ਅਤੇ ਇਸਤਰੀਆਂ ਲਈ ਕੌਂਸਲਾਂ ਬਨਾਉਣੀਆਂ ਚਾਹੀਦੀਆਂ ਹਨ।
4. 1976 ਤੱਕ 6-11 ਸਾਲਾਂ ਦੀ ਉਮਰ ਦੀਆਂ ਅਤੇ 1981 ਵਿੱਚ 11-14 ਸਾਲਾਂ ਦੀ ਉਮਰ ਦੀਆਂ ਲੜਕੀਆਂ ਨੂੰ ਸਕੂਲਾਂ ਵਿੱਚ ਲਾਜ਼ਮੀ ਦਾਖ਼ਲ ਕੀਤਾ ਜਾਵੇ।
7. ਵੋਲੈਂਟਰੀ ਸੰਗਠਨਾਂ ਨੂੰ ਇਸਤਰੀਆਂ ਲਈ ਹੋਸਟਲ, ਲਬੋਟਰੀਆਂ ਅਤੇ ਲਾਇਬ੍ਰੀਆਂ ਸਥਾਪਤ ਕਰਲ ਲਈ ਸਹਾਇਤਾ ਪ੍ਰਦਾਨ ਕੀਤੀ ਜਾਵੇ।
5. ਇਸਤਰੀ ਸਿੱਖਿਆ ਦੀਆਂ ਫਿਲਮਾਂ ਤੇ ਡਾਕੂਮੈਂਟਰੀਆਂ (Documentries) ਬਣਾ ਕੇ ਲੋਕਾਂ ਨੂੰ ਸੂਚਿਤ ਕੀਤਾ ਜਾਵੇ।
6. ਸੈਂਟਰਲ ਸੋਸ਼ਲ ਵੈਲਫੇਅਰ ਬੋਰਡ ਵੱਲੋਂ ਚਲਾਏ ਜਾ ਰਹੇ ਬਾਲਗ਼ ਇਸਤਰੀ ਸੈਂਟਰਾਂ ਨੂੰ ਪੱਕਾ ਕੀਤਾ ਜਾਵੇ।
7. ਲੜਕੀਆਂ ਲਈ ਟੈਕਨੀਕਲ ਅਦਾਰੇ ਬਨਾਏ ਜਾਣ। ਇਨ੍ਹਾਂ ਲਈ ਕੇਂਦਰੀ ਸਰਕਾਰ ਪੰਜ ਸਾਲਾਂ ਦੀ ਪੂਰੀ-ਪੂਰੀ ਸਹਾਇਤਾਂ ਪ੍ਰਦਾਨ ਕਰੇ।
8. ਸੁਵਿਧਾਵਾਂ ਉੱਚਾ ਚੁੱਕਣ ਵਾਲੇ ਪ੍ਰੋਗਰਾਮ ਜਿਸ ਤਰ੍ਹਾਂ ਕਿ ਅਧਿਆਪਕਾਂ ਲਈ ਕਵਾਟਰ ਬਨਾਉਣੇ, ਇਸਤਰੀ ਅਧਿਆਪਕਾਂ ਨੂੰ ਪੇਂਡੂ ਭੱਤਾ ਦੇਣਾ, ਸਕੂਲ ਮਾਤਾਵਾਂ ਦੀ ਭਰਤੀ, ਵੱਖਰੇ ਬਾਥਰੂਮ ਬਨਾਉਣ, ਹੋਸਟਲ ਬਨਾਉਣੇ, ਬੱਚਿਆਂ ਲਈ ਕਰੈਚ ਬਨਾਉਣੇ, ਸਕੂਲ ਦੀ ਵਰਦੀ ਦੇਣਾ ਅਤੇ ਦੁਪਹਿਰ ਦਾ ਖਾਣਾ ਦੇਣਾ ਆਦਿ ਦਾ ਪ੍ਰਬੰਧ ਕੀਤਾ ਜਾਵੇ।
9. ਪਛੜੇ ਹੋਏ ਇਲਾਕਿਆਂ, ਪਹਾੜੀ ਇਲਾਕਿਆ ਅਤੇ ਦੂਰ ਦੁਰਾਡੇ ਦੇ ਇਲਾਕਿਆਂ ਦੀਆਂ ਲੜਕੀਆਂ ਨੂੰ ਬੱਸਾਂ ਵਿੱਚ ਮੁਫ਼ਤ ਸਫ਼ਰ ਕਰਨ ਤੇ ਉਥੇ ਕੰਮ ਕਰਨ ਵਾਲੀਆਂ ਅਧਿਆਪਕਾਂ ਨੂੰ ਵਿਸ਼ੇਸ਼ ਭੱਤੇ ਦਿੱਤੇ ਜਾਣ।
10. ਇਸਤਰੀ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਬਾਬਤ ਵਿਸ਼ੇਸ਼ ਸੈਮੀਨਾਰ ਕਰਵਾਏ ਜਾਣ।
11. ਸਾਰੀਆਂ ਲੜਕੀਆਂ ਦੀ ਫ਼ੀਸ ਮਾਫ਼ ਹੋਣ ਅਤੇ ਬਹੁਤ ਗਿਣਤੀ ਵਿੱਚ ਵਜ਼ੀਫ਼ੇ ਬਨਾਏ ਜਾਣ।
12. ਜਿਥੇ ਲੜਕੀਆਂ ਲਈ ਵਿਸ਼ੇਸ਼ ਸਕੂਲ ਨਾ ਹੋਣ ਉੱਥੇ ਸਾਂਝੇ ਸਕੂਲਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਵੇ।

**ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ, 1964 (Recomendations of Kothari Education Commission 1964-66):**

ਇਸ ਲਈ ਦੋ ਪ੍ਰਕਾਰ ਦੇ ਉਪਰਾਲੇ ਕਰਨ ਦੀ ਲੋੜ ਹੈ। ਪਹਿਲਾਂ ਤਾਂ ਜੋ ਨੈਸ਼ਨਲ ਕਮੇਟੀ ਔਨ ਵੋਮੈਨ ਐਜੂਕੇਸ਼ਨ ਨੇ ਜੋ ਸਿਫ਼ਾਰਸ਼ਾਂ ਕੀਤੀਆਂ ਹਨ, ਉਨ੍ਹਾਂ ਤੇ ਪੂਰਨ ਭਾਂਤ ਅਮਲ ਕੀਤਾ ਜਾਵੇ। ਦੂਸਰੇ ਸਾਰੀਆਂ ਤਰ੍ਹਾਂ ਦੀ ਸਿੱਖਿਆ ਖੇਤਰ ਵਿੱਚ ਹਰ ਸਤਰ ਤੇ ਲੜਕੀਆਂ ਦੀ ਸਿੱਖਿਆ ਨੂੰ ਫੈਲਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਇਸਤਰੀ ਸਿੱਖਿਆ ਦਾ ਪਸਾਰ ਇਸ ਤਰ੍ਹਾਂ ਕਰਨ ਲਈ ਵਿਸ਼ੇਸ਼ ਉਪਰਾਲੇ ਹੀ ਕਿਉਂ ਨਾ ਕਰਨੇ ਪੈਣ ਤੇ ਵਿਸ਼ੇਸ਼ ਤਰ੍ਹਾਂ ਦੀ ਸਰਕਾਰੀ ਮਸ਼ੀਨਰੀ ਵੀ ਕਿਉਂ ਨਾ ਬਣਾਉਣੀ ਪਵੇ। ਕਮਿਸ਼ਨ ਦਾ ਵਿਚਾਰ ਸੀ ਕਿ ਇਸਤਰੀਆਂ ਲਈ ਵਿਸ਼ੇਸ਼ ਪ੍ਰਕਾਰ ਦੇ ਉਪਰਾਲੇ ਉਸ ਸਮੇਂ ਤੱਕ ਜਾਰੀ ਰੱਖੇ ਜਾਣ ਜਦੋਂ ਤੱਕ ਇਸਤਰੀਆਂ ਤੇ ਮਰਦਾਂ ਵਿਚਲੀ ਵਿੱਥ ਖਤਮ ਨਾ ਹੋ ਜਾਵੇ। ਕਮਿਸ਼ਨ ਦਾ ਵਿਚਾਰ ਸੀ ਕਿ ਜੇ ਪਹਿਲਾਂ ਤੋਂ ਹੀ ਇਸਤਰੀ ਸਿੱਖਿਆ ਵੱਲ ਧਿਆਨ ਦਿੱਤਾ ਜਾਂਦਾ ਤਾਂ ਅਜਿਹੇ ਵਿਸ਼ੇਸ਼ ਉਪਰਾਲੇ ਹੌਲੀ-ਹੌਲੀ ਉਸ ਸਮੇਂ ਖ਼ਤਮ ਕਰ ਦਿੱਤੇ ਜਾਣਗੇ ਜਦੋਂ ਤੱਕ ਲੜਕੇ-ਲੜਕੀ ਵਿਚਲਾ ਵਿਤਕਰਾ ਹੱਟ ਨਾ ਜਾਵੇ।

ਕੁਠਾਰੀ ਕਮਿਸ਼ਨ ਨੇ ਲੜਕੀਆਂ ਦੀ ਸਿੱਖਿਆ ਪ੍ਰਤੀ ਹੇਠ ਉਲੀਕੀਆਂ ਸਿਫ਼ਾਰਸ਼ਾਂ ਕੀਤੀਆਂ ਹਨ।

1. **ਪ੍ਰਾਇਮਰੀ ਪੱਧਰ ਤੇ ਲੜਕੀਆਂ ਦੀ ਸਿੱਖਿਆ (Education of Girls for Primary Level):-**

ਸੰਵਿਧਾਨ ਦੀ ਧਾਰਾ ਦੇ ਅਧੀਨ ਕੀਤੇ ਅਤੇ ਨੈਸ਼ਨਲ ਇਸਤਰੀਆਂ ਦੀ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਪੂਰਾ ਕਰਨ ਲਈ ਜਿੱਥੋਂ ਤੱਕ ਹੋ ਸਕੇ, ਇਸ ਨੂੰ ਤੇਜ਼ ਕੀਤਾ ਜਾਵੇ ਤਾਂ ਕਿ 6-14 ਸਾਲ ਦੀ ਉਮਰ ਦੀਆਂ ਸਾਰੀਆਂ ਲੜਕੀਆਂ, ਇਸ ਪ੍ਰਣਾਲੀ ਵਿੱਚ ਦਾਖ਼ਲ ਹੋਣ।

2. **ਸੈਕੰਡਰੀ ਪੱਧਰ ਤੇ ਇਸਤਰੀ ਸਿੱਖਿਆ (Girls Education Secondary Level)**

(ੳ) **ਇਸਤਰੀ ਸਿੱਖਿਆ ਦਾ ਪਸਾਰ (Expansion of Girls Education):-**

ਸੈਕੰਡਰੀ ਸਿੱਖਿਆਂ ਦਾ ਪਸਾਰ ਇਸ ਪ੍ਰਕਾਰ ਕੀਤਾ ਜਾਵੇ ਕਿ ਆਉਣ ਵਾਲੇ 20 ਸਾਲਾਂ ਵਿੱਚ ਲੋਅਰ ਸੈਕੰਡਰੀ ਪੱਧਰ ਤੇ 1:2 ਅਤੇ ਹਾਇਰ ਸੈਕੰਡਰੀ ਪੱਧਰ ਤੇ 1:3 ਦੀ ਨਿਸਬਤ ਲੜਕੇ ਲੜਕੀਆਂ ਦੀ ਹੋ ਜਾਵੇ।

(ਅ) **ਲੜਕੀਆਂ ਲਈ ਵਧੇਰੇ ਸੁਵਿਧਾਵਾਂ (Additional facilities for Girls):-**

ਲੜਕੀਆਂ ਲਈ ਵੱਖਰੇ ਸਕੂਲ ਖੋਲ੍ਹੇ ਜਾਣ ਤੇ ਉਹਨ੍ਹਾਂ ਲਈ ਹੋਸਟਲ ਭਵਨਾਂ ਦੀ ਉਸਾਰੀ ਕੀਤੀ ਜਾਵੇ, ਵਜੀਫ਼ੇ ਵਧਾਏ ਜਾਣ, ਖੇਡ ਸਮੇਂ ਦੇ ਤੇ ਕਿੱਤਾਕਾਰੀ ਸਿੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ।

(ੲ) **ਲੜਕੇ ਲੜਕੀਆਂ ਦੇ ਪਾਠਕ੍ਰਮ ਵਿੱਚ ਅੰਤਰ (Differentiation in Boys' and Girls' Curriculum):**

ਹਰਸ਼ਾ ਮਹਿਤਾ ਕਮੇਟੀ ਦੀਆਂ ਸਿਫ਼ਾਰਸ਼ਾਂ ਕਿ ਲੜਕੇ ਲੜਕੀਆਂ ਦੇ ਕੁਰੀਕੁਲਮ ਵਿੱਚ ਕੋਈ ਅੰਤਰ ਨਹੀਂ ਹੋਣਾ ਚਾਹੀਦਾ, ਪਰ ਲੜਕੀਆਂ ਨੂੰ ਹੋਮ ਸਾਇੰਸ, ਸੰਗੀਤ, ਆਰਟ, ਹਿਸਾਬ ਅਤੇ ਸਾਇੰਸ ਦਾ ਵੱਖ ਪ੍ਰਬੰਧ ਕਰਨਾ ਚਾਹੀਦਾ ਹੈ, ਤੇ ਅਮਲ ਕੀਤਾ ਜਾਵੇ।

3. **ਯੂਨੀਵਰਸਿਟੀ ਪੱਧਰ ਤੇ ਇਸਤਰੀ ਸਿੱਖਿਆ (Education of Women at University Level)**

(ੳ) **ਇਸਤਰੀ ਵਿਦਿਆਰਥੀਆਂ ਦਾ ਅਨੁਪਾਤ ਵਧਾਇਆ ਜਾਵੇ (Proportion of Women Students be Increased) :-**

ਹੁਣ ਲੜਕੇ ਲੜਕੀਆਂ ਦਾ ਅਨੁਪਾਤ 1:4 ਹੈ ਇਸ ਨੂੰ ਘੱਟਾ ਕੇ 1:3 ਕਰ ਦਿੱਤਾ ਜਾਵੇ ਤਾਂ ਕਿ ਇਸਤਰੀ ਮਾਨਵ ਸ਼ਕਤੀ ਨੂੰ ਯੋਗ ਲੀਹਾਂ ਤੇ ਪਾਇਆ ਜਾ ਸਕੇ। ਇਸ ਲਈ ਉਨ੍ਹਾਂ ਨੂੰ ਵੱਧੇਰੇ ਵਜ਼ੀਫੇ ਪ੍ਰਦਾਨ ਕੀਤੇ ਜਾਣ ਅਤੇ ਹੋਸਟਲਾਂ ਵਿੱਚ ਪੱਕਾ ਤੇ ਸਸਤਾ ਪ੍ਰਬੰਧ ਕੀਤਾ ਜਾਵੇ।

(ਅ) **ਅੰਡਰ ਗ੍ਰੈਜੂਏਟ ਪੱਧਰ ਤੇ ਵੱਖਰੇ ਕਾਲਜ (Separate College at Under Graduate Level) :**

ਜੋ ਲੋਕਾਂ ਪਾਸੋਂ ਮੰਗ ਹੋਵੇ ਤਾਂ ਅੰਡਰ ਗ੍ਰੈਜੂਏਟ ਪੱਧਰ ਤੇ ਲੜਕੀਆਂ ਲਈ ਵੱਖਰੇ ਕਾਲਜ ਖੋਲ੍ਹੇ ਜਾਣ, ਪਰ ਪੋਸਟ ਗ੍ਰੈਜੂਏਟ ਪੱਧਰ ਤੇ ਸਾਂਝੀ ਪੜ੍ਹਾਈ ਕਰਵਾਉਣੀ ਚਾਹੀਦੀ ਹੈ।

(ੲ) **ਇਸਤਰੀ ਲਈ ਖੁਲ੍ਹਾ ਦਾਖ਼ਲਾ (Free Access of Women to Courses)**:
ਲੜਕੀਆਂ ਨੂੰ ਆਰਟ, ਹਿਊਮੈਨਟੀਜ਼, ਸਾਇੰਸ ਅਤੇ ਟੈਕਨੌਲੋਜੀ ਵਿੱਚ ਖੁਲ੍ਹਾ ਦਾਖ਼ਲਾ ਦਿੱਤਾ ਜਾਇਆ ਕਰੇ। ਨਰਸਿੰਗ, ਹੋਮ ਸਾਇੰਗ ਸਿੱਖਿਆ ਅਤੇ ਸੋਸ਼ਲ ਵਰਕ ਦੇ ਕੋਰਸਾਂ ਨੂੰ ਇਸ ਪ੍ਰਕਾਰ ਢਾਲਿਆ ਜਾਵੇ ਕਿ ਲੜਕੀਆਂ ਇਨ੍ਹਾਂ ਵਿੱਚ ਦਾਖ਼ਲਾ ਲੈਣ। ਬਿਜ਼ਨਸ ਮੈਨੇਜਮੈਂਟ ਆਦਿ ਵਿੱਚ ਵੀ ਉਨ੍ਹਾਂ ਨੂੰ ਦਾਖ਼ਲੇ ਦਿੱਤੇ ਜਾਣ।

4. **ਖੋਜ (Research )** :
ਇਸਤਰੀ ਸਿੱਖਿਆ ਨੂੰ ਉਤਸ਼ਾਹ ਦੇਣ ਲਈ ਯੂਨੀਵਰਸਿਟੀਆਂ ਖੋਜ ਕਰਨ।

5. **ਇਸਤਰੀ ਅਧਿਆਪਕ (Women Teachers)**

(ੳ) **ਰੋਜ਼ਗਾਰ ਲਈ ਉਤਸਾਹ** (Encouraging Employment) :
ਇਸਤਰੀ ਅਧਿਆਪਕਾਂ ਦੀ ਨੌਕਰੀਆਂ ਲਈ ਹਰ ਪੱਧਰ ਤੇ ਉਤਸ਼ਾਹ ਕਰਨਾ ਚਾਹੀਦਾ ਹੈ।

(ਅ) **ਰਿਹਾਇਸ਼ੀ ਮਕਾਨ (Residential Accommodation)** :
ਖ਼ਾਸ ਕਰਕੇ ਪੇਂਡੂ ਇਲਾਕਿਆਂ ਵਿੱਚ ਅਧਿਆਪਕਾਂ ਦੇ ਰਿਹਾਇਸ਼ੀ ਮਕਾਨ ਬਣਾਉਣੇ ਚਾਹੀਦੇ ਹਨ।

(ੲ) **ਸੰਖੇਪ ਕੋਰਸ (Condensed Courses)** :
ਬਾਲ਼ਗ ਇਸਤਰੀ ਲਈ ਸੋਸ਼ਲ ਸੈਂਟਰ ਵੈਲਫੇਅਰ ਬੋਰਡ ਸੰਖੇਪ ਕੋਰਸ ਬਨਾਵੇ।

(ਸ) **ਪੱਤਰ-ਵਿਹਾਰ (Correspondence Courses)** :
ਪੱਤਰ-ਵਿਹਾਰ ਸਿੱਖਿਆ ਰਾਹੀਂ ਇਸਤਰੀ ਨੂੰ ਵੱਧੇਰੇ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

(ਹ) **ਵਿਸ਼ੇਸ਼ ਭੱਤੇ (Special Allowances)** :
ਪੇਂਡੂ ਇਲਾਕਿਆਂ ਵਿੱਚ ਕੰਮ ਕਰਨ ਵਾਲੀਆ ਇਸਤਰੀ ਅਧਿਆਪਕਾਂ ਨੂੰ ਵਿਸ਼ੇਸ਼ ਭੱਤੇ ਪ੍ਰਦਾਨ ਕੀਤੇ ਜਾਣ।

**ਸਿੱਖਿਆ ਦੀ ਨਵੀਂ ਨੀਤੀ- 1986 (New Policy of Education-1986)**:

ਚੈਲੰਜ ਆਫ਼ ਐਂਜੂਕੇਸ਼ਨ (Challenge of Education) ਜਿਸ ਵਿੱਚ ਕਿ ਨੀਤੀ ਬਨਾਉਣ ਲਈ ਵਿਦਿਅਕ ਸਮੱਸਿਆਵਾਂ ਨੂੰ ਬਹਿਸ ਮੁਬਾਸੇ ਲਈ ਪ੍ਰਕਾਸ਼ਤ ਕੀਤਾ ਗਿਆ ਸੀ, ਦੇ ਪੈਰਾ 3.58 ਵਿੱਚ ਇਸ ਪ੍ਰਕਾਰ ਸਿਫ਼ਾਰਸ਼ ਕੀਤੀ ਗਈ ਹੈ।

''ਜਿੱਥੇ ਤੱਕ ਲੜਕੀਆਂ ਦੇ ਸਿੱਖਿਆ ਵਿੱਚ ਭਾਗ ਲੈਣ ਦਾ ਸੰਬੰਧ ਹੈ, ਇਹ ਸਪੱਸ਼ਟ ਹੈ ਕਿ ਭਾਵੇਂ ਪਿੱਛਲੇ ਕੁਝ ਸਾਲਾਂ ਵਿੱਚ ਇਸ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ ਤਾਂ ਵੀ ਹਾਲੇ ਤੱਕ ਉਹ ਲੜਕਿਆਂ ਦੀ ਸਿੱਖਿਆ ਤੋਂ ਕਾਫ਼ੀ ਪਿੱਛੇ ਹੈ। ਕਾਫ਼ੀ ਹੱਦ ਤੱਕ ਇਸ ਵਿਤਕਰੇ ਦਾ ਕਾਰਣ ਆਰਥਿਕ ਤੇ ਵਿਵਸਾਇਕ ਸਮੱਸਿਅਵਾਂ ਤੋਂ ਸਭਿਆਚਾਰਕ ਵਿਤਕਰਾ ਹੁੰਦਾ ਹੈ, ਅਤੇ ਵਿਦਿਅਕ ਉਪਰਾਲਿਆਂ ਦੀ ਘਾਟ ਘੱਟ ਹੁੰਦੀ ਹੈ। ਬਹੁਤੇ ਮਾਪੇ ਹਾਲੇ ਵੀ ਆਪਣੇ ਬੱਚਿਆਂ ਨੂੰ ਕੌ-ਐਜੂਕੇਸ਼ਨ ਸੰਸਥਾਵਾਂ ਵਿੱਚ ਭੇਜਣਾ ਨਹੀ ਚਾਹੁੰਦੇ ਤੇ ਉਨ੍ਹਾਂ ਸੰਸਥਾਵਾਂ ਵਿੱਚ ਜਿਥੇ ਇਸਤਰੀ ਅਧਿਆਪਕ ਘੱਟ ਹੋਣ ਤਾਂ ਬਿਲਕੁਲ ਹੀ ਭੇਜਣਾ ਨਹੀਂ ਚਾਹੁੰਦੇ। ਭਾਵੇਂ ਇਸਤਰੀਆਂ ਸਿੱਖਿਆ ਦੇ ਖੇਤਰ ਵਿੱਚ ਮਰਦਾਂ ਨਾਲੋਂ ਵੱਧ ਸਫ਼ਲਤਾ ਪ੍ਰਾਪਤ ਕਰਨ ਲੱਗ ਪਈਆਂ ਹਨ, ਪਰ ਫੇਰ ਵੀ ਡਾਕਟਰ, ਅਧਿਆਪਨ ਤੇ ਨਰਸਿੰਗ ਦੀਆਂ ਸੰਸਥਾਵਾਂ ਨੂੰ ਛੱਡ ਕੇ ਬਾਕੀ ਪ੍ਰੋਫੈਸ਼ਨਲ ਕੋਰਸਾਂ ਵਿੱਚ ਇਸਤਰੀਆਂ ਘੱਟ ਦਾਖ਼ਲੇ ਲੈਂਦੀਆਂ ਹਨ।''

ਅਨੁਸੂਚਿਤ ਜਾਤੀਆਂ ਤੇ ਪਛੜੇ ਕਬੀਲਿਆਂ ਦੀ ਇਸਤਰੀ ਸਿੱਖਿਆ ਦੀ ਬਾਬਤ ਪੈਰਾ 3.59 ਵਿੱਚ ਲਿਖਿਆ ਹੈ:

> ''ਇਨ੍ਹਾਂ ਜਾਤੀਆਂ ਵਿੱਚ ਇਸਤਰੀ ਸਿੱਖਿਆ ਦਾ ਪੱਧਰ ਏਨਾ ਦੇ ਮਰਦਾਂ ਨਾਲੋਂ ਘੱਟ ਰਿਹਾ ਹੈ ਤੇ ਇਹ ਵਿਤਕਰਾ ਪਿੰਡਾਂ ਵਿੱਚ ਸ਼ਹਿਰਾਂ ਨਾਲੋਂ ਵੱਧ ਰਿਹਾ ਹੈ।''

ਜਦੋਂ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਬਣਾਈ ਗਈ ਸੀ ਤਾਂ ਉਸ ਸਮੇਂ ਦੀਆਂ ਸਰਕਾਰੀ ਰਿਪੋਰਟਾਂ ਤੇ ਸੈਨਸ਼ਿਜ ਦੇ ਡੈਟੇ ਨੇ ਹੇਠ ਲਿਖੀਆਂ ਗੱਲਾਂ ਤੇ ਚਾਨਣਾ ਪਾਇਆ ਸੀ।

1. ਪਛੜੀਆਂ ਜਾਤੀਆਂ ਇਸਤਰੀਆਂ ਵਿੱਚ ਅਨਪੜ੍ਹਤਾ ਦਰ 75% ਸੀ ਜਦੋਂ ਕਿ ਮਰਦਾਂ ਵਿੱਚ ਇਹ 53% ਸੀ ਪਛੜੇ ਕਬੀਲਿਆਂ ਦੀਆਂ ਇਸਤਰੀਆਂ ਦੀ ਅਨਪੜ੍ਹਤਾ ਉਸੇ ਪ੍ਰਕਾਰ ਦੇ ਮਰਦਾਂ ਨਾਲੋਂ ਕਿਤੇ ਵੱਧ ਸੀ।
2. ਭਾਰਤ ਵਿੱਚ ਵੱਖ-ਵੱਖ ਰਿਜਨਾਂ ਵਿੱਚ ਅਨਪੜ੍ਹਤਾਂ ਦੀ ਦਰ ਵੱਖਰੀ-ਵੱਖਰੀ ਸੀ। ਕੇਰਲਾ ਵਿੱਚ ਇਹ 34% ਸੀ ਜਦੋਂ ਕਿ ਬਿਹਾਰ ਵਿੱਚ 86% ਸੀ ਤੇ ਰਾਜਸਥਾਨ ਵਿੱਚ 89%ਸੀ।
3. ਮੋਟੇ ਤੌਰ ਤੇ 42%ਲੜਕੇ ਤੇ 62% (6-14) ਸਾਲ ਦੀ ਉਮਰ ਦੀਆਂ ਲੜਕੀਆਂ ਸਕੂਲਾਂ ਵਿੱਚ ਪੜ੍ਹਾਈ ਨਹੀਂ ਸੀ ਲੈ ਰਹੀਆਂ। ਪੇਂਡੂ ਇਲਾਕਿਆਂ ਵਿੱਚ ਹਾਲਤ ਸ਼ਹਿਰਾਂ ਨਾਲੋਂ ਵੀ ਖ਼ਰਾਬ ਸੀ।

4. ਉਹ ਬੱਚੇ ਸਿੱਖਿਆ ਪ੍ਰਾਪਤ ਨਹੀਂ ਸੀ ਕਰ ਰਹੇ ਉਨ੍ਹਾਂ ਵਿੱਚ 70% ਲੜਕੀਆਂ ਸੀ।
5. ਹਰ ਪੱਧਰ ਤੇ ਲੜਕੀਆਂ, ਲੜਕਿਆਂ ਨਾਲੋਂ ਵਧੇਰੇ ਸੰਖਿਆ ਵਿੱਚ ਪੜ੍ਹਾਈ ਵਿੱਚ ਹੀ ਛੱਡ ਜਾਂਦੀਆਂ ਸੀ।
6. ਉਚੇਰੀ ਸਿੱਖਿਆ ਵਿੱਚ ਸਿਰਫ਼ 31%ਲੜਕੀਆਂ ਸਿੱਖਿਆ ਪ੍ਰਾਪਤ ਕਰ ਰਹੀਆਂ ਸਨ।ਉਨ੍ਹਾਂ ਵਿੱਚ ਬਹੁਤੀਆਂ ਛੋਟੇ ਕਿੱਤਿਆਂ ਵਿੱਚ ਜਾਂਦੀਆਂ ਸੀ।
7. ਇਹ ਵੀ ਦੇਖਿਆ ਗਿਆ ਸੀ ਕਿ ਸਿੱਖਿਆ ਦੇ ਖੇਤਰ ਵਿੱਚ ਉੱਚ ਸੱਤਰ ਤੇ ਫੈਸਲਾ ਕਰਨ ਵਾਲਿਆਂ ਵਿੱਚੋਂ ਬਹੁਤ ਘੱਟ ਇਸਤਰੀਆਂ ਹੁੰਦੀਆਂ ਸੀ।

ਨਵੀਨ ਰਾਸ਼ਟਰੀ ਨੀਤੀ ਨੇ ਸ਼ਪਸ਼ਟ ਭਾਂਤ ਦੱਸਿਆ ਸੀ ਕਿ ਸਿੱਖਿਆ ਇਸਤਰੀਆਂ ਦੀ ਹਾਲਤ ਸੁਧਾਰਨ ਵਿੱਚ ਸਹਾਈ ਹੋਵੇਗੀ। ਇਸ ਲਈ ਨਵੀਆਂ ਕੀਮਤਾਂ ਸਥਾਪਤ ਕਰਨ ਲਈ ਨਵਾਂ ਕੁਰੀਕਲਮ ਬਣਾਇਆ ਜਾਵੇਗਾ, ਨਵੀਂ ਭਾਂਤ ਦੀਆਂ ਪੁਸਤਕਾਂ ਲਿਖੀਆਂ ਜਾਣਗੀਆਂ, ਅਧਿਆਪਕਾਂ ਦੀ ਇਸ ਲਈ ਨਵੇਂ ਢੰਗ ਨਾਲ ਸੁਧਾਈ ਕੀਤੀ ਜਾਵੇਗੀ ਤੇ ਫੈਸਲਾ ਕਰਨ ਵਾਲੇ ਆਪਣਾ ਨਜ਼ਰੀਆ ਵੀ ਬਦਲਣਗੇ।

**ਰਿਵੀਊ ਕਮੇਟੀ ਰਿਪੋਰਟ-1990 (Review Committe Report, 1990)**

ਇਨ੍ਹਾਂ ਸਿਫ਼ਾਰਿਸ਼ਾਂ ਬਾਰੇ ਰਿਵੀਊ ਕਮੇਟੀ ਨੇ ਟੀਕਾ ਟਿੱਪਣੀ ਕੀਤੀ ਤੇ ਨਵੀਆਂ ਸਿਫ਼ਾਰਸ਼ਾਂ ਵੀ ਕੀਤੀਆਂ। ਰਿਵੀਊ ਕਮੇਟੀ ਦਾ ਵਿਚਾਰ ਸੀ ਕਿ ਪਿੰਡਾਂ ਵਿੱਚ ਲੜਕੀਆਂ ਦਾ 29% ਸਮਾਂ ਬਾਲਣ ਇਕੱਠਾ ਕਰਨ ਤੇ 20% ਸਮਾਂ ਛੋਟੇ ਬੱਚਿਆਂ ਦੀ ਦੇਖਭਾਲ ਆਦਿ ਵਿੱਚ ਲਗ ਜਾਂਦਾ ਸੀ।ਉਨ੍ਹਾਂ ਨੂੰ ਪੜ੍ਹਾਉਣ ਲਈ ਉਨ੍ਹਾਂ ਨੂੰ ਇਨ੍ਹਾਂ ਜ਼ੁੰਮੇਵਾਰੀਆਂ ਤੋਂ ਕੁਝ ਹੱਦ ਤੱਕ ਮੁਕਤ ਕਰਨਾ ਜ਼ਰੂਰੀ ਸੀ।ਰਿਵੀਊ ਕਮੇਟੀ ਨੇ ਸਿਫ਼ਾਰਿਸ਼ ਕੀਤੀ ਸੀ ਕਿ ਸਮੁਦਾਇ ਦੇ ਨੇੜੇ ਪਾਣੀ, ਬਾਲਣ ਤੇ ਪਸ਼ੂਆ ਲਈ ਚਾਰੇ ਦਾ ਪ੍ਰਬੰਧ ਕੀਤਾ ਜਾਵੇ। ਪ੍ਰੀ-ਪ੍ਰਾਇਮਰੀ ਸਕੂਲ ਇਸ ਭਾਂਤ ਖੋਲ੍ਹੇ ਜਾਣ ਕਿ 300 ਦੀ ਆਬਾਦੀ ਤੇ ਇੱਕ ਪ੍ਰਾਇਮਰੀ ਸਕੂਲ ਹੋਵੇ।ਇਸੇ ਪ੍ਰਕਾਰ ਹੀ 1500 ਦੀ ਆਬਾਦੀ ਦੇ ਇੱਕ ਮਿਡਲ ਸਕੂਲ ਖੋਲ੍ਹਿਆਂ ਜਾਵੇ। ਸਕੂਲਾਂ ਦੇ ਸਮੇਂ ਨੂੰ ਅਤੇ ਛੁੱਟੀਆਂ ਨੂੰ ਇਸ ਪ੍ਰਕਾਰ ਵਿਉਂਤਬੱਧ ਕੀਤਾ ਜਾਵੇਕਿ ਇਸ ਦੇ ਜ਼ਰਾਇਤ ਦੀ ਪੈਦਾਵਾਰ ਨਾਲ ਸੰਬੰਧ ਹੋਵੇ। ਸਥਾਨੀ ਅਧਿਆਪਕਾਂ ਦੀ ਭਰਤੀ ਕੀਤੀ ਜਾਵੇ। ਬੱਚਿਆਂ ਨੂੰ ਪੁਸਤਕਾਂ ਤੇ ਵਰਦੀਆਂ ਸਰਕਾਰੀ ਖਰਚੇ ਤੇ ਦਿੱਤੀਆਂ ਜਾਣ।ਬੱਚਿਆਂ ਨੂੰ ਸਕਾਲਰਸ਼ਿਪ ਵਧਾ ਦਿੱਤੇ ਜਾਣ। ਬੱਸਾਂ ਦੇ ਸਮੇਂ ਨੂੰ ਸਕੂਲ ਦੇ ਸਮੇਂ ਅਨੁਸਾਰ ਬਦਲ ਦਿੱਤਾ ਜਾਵੇ। ਲੜਕੀਆਂ ਲਈ ਵੱਖਰੇ ਹੋਰ ਸਕੂਲ ਖੋਲ੍ਹੇ ਜਾਣ ਤੇ ਸਕੂਲਾਂ ਵਿੱਚ ਵਧੇਰੇ ਹੋਸਟਲ ਸਥਾਪਤ ਕੀਤੇ ਜਾਣ। ਉੱਚ ਸਿੱਖਿਆ ਦੇ ਖੇਤਰ ਵਿੱਚ ਇਸਤਰੀ ਵਿਦਿਆਰਥੀਆਂ ਦੀ ਟੈਕਨੀਕਲ ਤੇ ਪ੍ਰੋਫੈਸ਼ਲ ਸੰਸਥਾਵਾਂ ਵਿੱਚ ਭਰਤੀ ਦੀਆਂ ਸੁਵਿਧਾਵਾਂ ਵਧਾਈਆਂ ਜਾਣ। ਉਨ੍ਹਾਂ ਲਈ ਵਧੇਰੇ ਵਜ਼ੀਫੇ ਵੀ ਦਿੱਤੇ ਜਾਣ, ਹੋਸਟਲ ਦੀਆਂ ਸੁਵਿਧਾਵਾਂ ਵਧਾਈਆਂ ਜਾਣ ਤੇ ਉਨ੍ਹਾਂ ਨੂੰ ਹੋਰ ਕਈ ਪ੍ਰਕਾਰ ਦੇ ਵਜ਼ੀਫੇ ਵੀ ਦਿਤੇ ਜਾਣ।

ਇਸ ਤੋਂ ਇਲਾਵਾ ਸਿੱਖਿਆ ਨੂੰ ਸਰਬ-ਵਿਆਪੀ ਬਨਾਉਣ ਲਈ ਤੇ ਰੀਜਨਲ ਵਖਰੇਵੇਂ ਦੂਰ ਕਰਨ ਲਈ ਨਵੀਆਂ ਸਕੀਮਾਂ ਬਣਾਈਆਂ ਜਾਣ।ਇਸ ਤਰ੍ਹਾਂ ਨਾਲ ਕੁਰੀਕੁਲਮ ਨੂੰ ਇਸ ਪ੍ਰਕਾਰ ਤਬਦੀਲ ਕੀਤਾ ਜਾਵੇ ਕਿ ਇਸਤਰੀਆਂ ਦੇ ਇਤਿਹਾਸ ਵਿੱਚ ਪ੍ਰਮੁੱਖ ਕੰਮਾਂ ਨੂੰ ਉਜਾਗਰ ਕੀਤਾ ਜਾਵੇ ਤੇ ਉਨ੍ਹਾਂ ਦੇ ਸੁਸਾਇਟੀ ਦੇ ਵਿਕਾਸ, ਦੇ ਭਾਗ ਨੂੰ ਦਰਸਾਇਆ ਜਾਵੇ। ਅੱਠਵੇ ਪੰਜਾ ਸਾਲਾਂ ਪਲਾਨ ਵਿੱਚ ਇਸਤਰੀਆਂ ਲਈ ਸਟੱਡੀ ਸੈਂਟਰ ਯੂਨੀਵਰਸਿਟੀਆਂ ਵਿੱਚ ਤੇ ਮਾਨਤਾਂ ਪ੍ਰਾਪਤ ਸੋਸ਼ਲ ਸਾਇੰਸ ਖੋਜ ਸੰਸਥਾਵਾਂ ਵਿੱਚ ਸਥਾਪਤ ਕੀਤੇ ਜਾਣ।ਇਹ ਵੀ ਸਿਫ਼ਾਰਿਸ਼ ਕੀਤੀ ਗਈ ਹੈ ਕਿ ਪ੍ਰਾਇਮਰੀ ਮਿਡਲ ਤੇ ਹਾਈ ਸਕੂਲਾਂ ਵਿੱਚ ਇਸਤਰੀ ਅਧਿਆਪਕਾਂ ਦੀ ਗਿਣਤੀ 50% ਬਣਾ ਦਿੱਤੀ ਜਾਣੀ ਚਾਹੀਦੀ ਹੈ। ਇਹ ਸਿਫਾਰਿਸ਼ ਕੀਤੀ ਗਈ ਹੈ ਕਿ ਇਸਤਰੀ ਅਧਿਆਪਕਾਂ ਨੂੰ ਸਕੂਲ ਦੇ ਨੇੜੇ ਦੇ ਇਲਾਕੇ ਵਿਚੋਂ ਹੀ ਭਰਤੀ ਕਰਨਾ ਚਾਹੀਦਾ ਹੈ।

ਇਸਤਰੀਆਂ ਲਈ ਸਿੱਖਿਆ ਦੇ ਖੇਤਰ ਤੋਂ ਬਾਹਰ ਸਹਾਇਤਾ ਕਰਨ ਲਈ 'ਮਹਿਲਾ ਸੰਸਥਾਵਾਂ' ਬਣਾਈਆਂ ਜਾਣ ਤੇ ਉਨ੍ਹਾਂ ਨੂੰ ਯੋਗ ਅਖ਼ਤਿਆਰ ਪ੍ਰਦਾਨ ਕੀਤੇ ਜਾਣ। ਇਸ ਪ੍ਰੋਗਰਾਮ ਰਾਹੀਂ ਉਨ੍ਹਾਂ ਅੰਸ਼ਾ ਤੇ ਜ਼ੋਰ ਦਿੱਤਾ ਜਾਣਾ ਹੈ ਜੋ ਕਿ ਸਿੱਖਿਆ ਦੇ ਖੇਤਰ ਤੋਂ ਬਾਹਰ ਹੁੰਦੇ ਹਨ। ਇਸ ਤਰ੍ਹਾਂ ਕਰਨ ਨਾਲ ਇਸਤਰੀ ਸਿੱਖਿਆ ਨੂੰ ਵੀ ਸਹਾਰਾ ਮਿਲੇਗਾ। ਇਸਤਰੀਆਂ ਲਈ ਬਾਲ਼ਗ ਸਿੱਖਿਆ, ਮਹਿਲਾ ਸਮੀਖਿਆ ਮਾਡਲ ਤੇ ਪ੍ਰਸਾਰ ਕਰਨਾ ਚਾਹੀਦਾ ਹੈ।

**2.3.6 ਇਸਤਰੀ ਸਿੱਖਆ, ਪੱਧਰ ਅਤੇ ਭਵਿੱਖ :**

ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਤਾਂ ਇਸਤਰੀ ਸਿੱਖਿਆ ਦਾ ਪੱਧਰ ਬਹੁਤ ਨੀਵਾਂ ਸੀ। ਇਸਤਰੀਆਂ ਸਿੱਖਿਆ ਦੇ ਖੇਤਰ ਵਿੱਚ ਬਹੁਤ ਪੱਛੜੀਆਂ ਹੋਈਆਂ ਸਨ। ਇਸਤਰੀ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸਰਕਾਰ ਵਲੋਂ ਲਗਾਤਾਰ ਅਨੇਕਾਂ ਕੋਸ਼ਿਸ਼ਾਂ ਕੀਤੀਆ ਗਈਆਂ। ਇਨ੍ਹਾਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਇਸਤਰੀਆਂ ਦੀ ਸਿੱਖਿਆ ਦਾ ਸਤਰ ਕਾਫੀ ਉੱਚਾ ਹੋਇਆ ਹੈ। ਅੱਜ ਸਿੱਖਿਆ

ਦੇ ਹਰ ਖੇਤਰ ਵਿੱਚ ਇਸਤਰੀਆਂ ਦੀ ਭਰਮਾਰ ਹੈ। ਅਧਿਆਪਨ ਦੇ ਖੇਤਰ ਵਿੱਚ ਵੀ ਇਸਤਰੀਆਂ ਦੀ ਨੁਮਾਂਇਦਗੀ ਕਾਫੀ ਜ਼ਿਆਦਾ ਹੋ ਗਈ ਹੈ। ਖ਼ਾਸ ਤੌਰ ਤੇ ਸਕੂਲਾਂ ਅਤੇ ਕਾਲਜਾਂ ਵਿੱਚ ਇਸਤਰੀ ਅਧਿਆਪਕਾਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋਇਆ ਹੈ। ਸਿੱਖਿਆ ਦੇ ਕਈ ਖੇਤਰ ਤਾਂ ਐਸੇ ਹਨ ਜਿੰਨਾ ਵਿੱਚ ਔਰਤਾਂ ਨੇ ਮਰਦਾਂ ਨੂੰ ਵੀ ਪਛਾੜ ਦਿੱਤਾ ਹੈ। ਪਰੰਤੂ ਇਸਦਾ ਇਹ ਭਾਵ ਨਹੀਂ ਕਿ ਹੁਣ ਇਸਤਰੀ ਸਿੱਖਿਆ ਦੇ ਮਾਮਲੇ ਵਿੱਚ ਕੁਝ ਕਰਨ ਦੀ ਜ਼ਰੂਰਤ ਨਹੀਂ ਹੈ। ਅਜੇ ਵੀ ਸਾਡੇ ਦੇਸ਼ ਵਿੱਚ ਕੁਝ ਅਜਿਹੇ ਕਿੱਤੇ ਹਨ ਜਿਥੇ ਔਰਤਾਂ ਦੀ ਪੜ੍ਹਾਈ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾਂਦੀ। ਉਥੇ ਇਸਤਰੀ ਸਿੱਖਿਆ ਦਾ ਸਤਰ ਅਜੇ ਵੀ ਬਹੁਤ ਨੀਵਾਂ ਹੈ। ਜਰੂਰਤ ਹੈ ਕਿ ਇੰਨ੍ਹਾਂ ਖੇਤਰਾਂ ਵਿੱਚ ਇਸਤਰੀ ਸਿੱਖਿਆ ਦੇ ਸਤਰ ਨੂੰ ਉੱਚਾ ਚੁਕਣ ਲਈ ਕੋਸ਼ਿਸ਼ਾਂ ਕੀਤੀਆਂ ਜਾਣ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਸਤਰੀ ਸਿੱਖਿਆ ਵੱਲ ਲੋਕਾਂ ਦਾ ਨਜ਼ਰਈਆ ਬਦਲ ਰਿਹਾ ਹੈ ਅਤੇ ਹੁਣ ਜ਼ਿਆਦਾ ਤੋਂ ਜ਼ਿਆਦਾ ਮਾਪੇ ਆਪਣੀਆਂ ਬੱਚੀਆਂ ਨੂੰ ਪੜ੍ਹਾਉਣ ਦੀ ਕੋਸ਼ਿਸ਼ ਕਰਦੇ ਹਨ। ਸਮਾਜ ਵਿੱਚ ਉਭਰਦੀ ਹੋਈ ਇਸ ਪ੍ਰਵਿਰਤੀ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਭਾਰਤ ਵਿਚ ਇਸਤਰੀ ਸਿੱਖਿਆ ਦਾ ਭਵਿੱਖ ਉੱਜਲ ਜਾਪਦਾ ਹੈ।

### 2.3.7 ਸਾਰ **(Summary) :**

ਇਸਤਰੀ ਸਿੱਖਿਆ ਉਤੇ ਉਪਰੋਕਤ ਚਰਚਾ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਦੇਸ਼ ਵਿਚ ਸਮਾਜ ਦੀ ਤਰੱਕੀ ਲਈ ਇਸਤਰੀ ਸਿੱਖਿਆ ਦਾ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਸਮਾਜ ਵਿੱਚ ਇਸਤਰੀਆਂ ਅਨਪੜ੍ਹ ਹਨ ਉਨ੍ਹਾਂ ਨੂੰ ਸਮਾਜ ਬਾਰੇ ਗਿਆਨ ਨਹੀਂ ਅਤੇ ਸਮਾਜ ਦੇ ਕੰਮਾਂ ਵਿੱਚ ਉਨ੍ਹਾਂ ਦੀ ਕੋਈ ਭਾਗਦਾਰੀ ਨਹੀਂ ਤਾਂ ਉਹ ਸਮਾਜ ਤਰੱਕੀ ਨਹੀਂ ਕਰ ਸਕਦਾ। ਭਾਰਤ ਦੀ ਆਜਾਦੀ ਸਮੇਂ ਇਸਤਰੀਆਂ ਦੀ ਸਿੱਖਿਆ ਦਾ ਸੱਤਰ ਬਹੁਤ ਨੀਵਾਂ ਸੀ। ਜਿਸ ਕਾਰਨ ਲੋਕਾਂ ਅਤੇ ਸਰਕਾਰ ਵੱਲੋਂ ਇਸ ਪ੍ਰਤੀ ਚਿੰਤਾ ਪ੍ਰਗਟਾਈ ਜਾਂਦੀ ਸੀ ਪਰੰਤੂ ਹੁਣ ਇਸਤਰੀ ਸਿੱਖਿਆ ਦੇ ਖੇਤਰ ਵਿੱਚ ਬਹੁਤ ਸੁਧਾਰ ਹੋਇਆ ਹੈ। ਅੱਜ ਇਸਤਰੀਆਂ ਸਿੱਖਿਆਂ ਦੇ ਹਰ ਖੇਤਰ ਵਿੱਚ ਤਕਰੀਬਨ ਮਰਦਾਂ ਦੇ ਨੇੜੇ ਪਹੁੰਚ ਗਈਆਂ ਹਨ ਅਤੇ ਕਈ ਖੇਤਰਾਂ ਵਿੱਚ ਤਾਂ ਉਨ੍ਹਾਂ ਤੋਂ ਵੀ ਅੱਗੇ ਹਨ। ਅੱਜ ਸਿੱਖਿਆ ਦਾ ਭਵਿੱਖ ਬਹੁਤ ਉੱਜਲ ਦਿਖਾਈ ਦੇ ਰਿਹਾ ਹੈ।

### 2.3.8 ਸਵੈ ਮੁਲਾਂਕਣ ਲਈ ਪ੍ਰਸ਼ਨ **(Self Evaluation) :**

1. ਇਸਤਰੀ ਸਿੱਖਿਆ ਕੀ ਹੈ, ਇਸ ਦਾ ਕੀ ਮਹੱਤਵ ਹੈ ?
2. ਇਸਤਰੀ ਵਿੱਦਿਆ ਦੇਣ ਦੀਆਂ ਵਿਧੀਆਂ ਬਾਰੇ ਦੱਸੋ ?
3. ਇਸਤਰੀ ਸਿੱਖਿਆ ਕੀ ਹੈ, ਇਸਦੇ ਭਵਿੱਖ ਬਾਰੇ ਚਰਚਾ ਕਰੋ ?

### 2.3.9 ਸੁਝਾਈਆਂ ਪੁਸਤਕਾਂ

1. ਡਾ. ਟੀ. ਐਸ. ਸੋਢੀ - ਭਾਰਤੀ ਸਿੱਖਿਆ ਅਤੇ ਉਸ ਦੀਆਂ ਸਮੱਸਿਆਵਾਂ, ਬਾਵਾ ਪਬਲਿਸ਼ਰਜ਼, ਪਟਿਆਲਾ, 2000
2. ਡਾ. ਟੀ. ਐਸ. ਸੋਢੀ - ਭਾਰਤ ਵਿੱਚ ਵਿਦਿਅਕ ਸਿਸਟਮ ਦਾ ਵਿਕਾਸ, ਬਾਵਾ ਪਬਲਿਸ਼ਰਜ਼, ਪਟਿਆਲਾ, 2004
3. ਟੀ. ਆਰ. ਸ਼ਰਮਾ ਭਾਰਤੀ ਸਿੱਖਿਆ ਤੇ ਇਸ ਦੀਆਂ ਸਮੱਸਿਆਵਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986
4. Prof. R. K., Women and Education, Keepaz Publication, Delhi, 2000.

ਪਾਠ ਨੰ. 2.4

ਲੇਖਿਕਾ : ਡਾ. ਤਸਨੀਮ ਖਾਨ

# ਵਿਸ਼ਵੀਕਰਨ ਲਈ ਸਿੱਖਿਆ

## ਬਣਤਰ

2.4.1 ਜਾਣ-ਪਛਾਣ

2.4.2 ਵਿਸ਼ਵੀਕਰਨ ਦਾ ਅਰਥ

2.4.3 ਵਿਸ਼ਵੀਕਰਨ ਦੀਆਂ ਵਿਸ਼ੇਸ਼ਤਾਵਾਂ

2.4.4 ਵਿਸ਼ਵੀਕਰਨ ਦੇ ਪ੍ਰਭਾਵ

2.4.5 ਵਿਸ਼ਵੀਕਰਨ ਦੇ ਖਤਰੇ

2.4.6 ਵਿਸ਼ਵੀਕਰਨ ਅਤੇ ਸਿੱਖਿਆ

2.4.7 ਵਿਸ਼ਵੀਕਰਨ ਨਾਲ ਸਬੰਧਿਤ ਉੱਚ ਸਿੱਖਿਆ ਦੇ ਉਦੇਸ਼

2.4.8 ਅਧਿਆਪਨ ਵਿਧੀਆਂ-ਉੱਚ ਸਿੱਖਿਆ ਅਤੇ ਵਿਸ਼ਵੀਕਰਨ

2.4.9 ਉੱਚ ਸਿੱਖਿਆ ਅਤੇ ਵਿਸ਼ਵੀਕਰਨ ਵਿਚ ਅਧਿਆਪਕ ਦੀ ਭੂਮਿਕਾ

2.4.10 ਵਿਸ਼ਵੀਕਰਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਸਿੱਖਿਆ ਦੀ ਭੂਮਿਕਾ

2.4.11 ਸੁਝਾਏ ਪ੍ਰਸ਼ਨ

2.4.12 ਸੁਝਾਈਆਂ ਪੁਸਤਕਾਂ

## 2.4.1 ਜਾਣ-ਪਛਾਣ

ਅਸੀਂ ਵਿਸ਼ਵੀਕਰਨ, ਉਦਾਰਤਾਵਾਦੀਕਰਨ, ਨਿੱਜੀਕਰਨ ਅਤੇ ਅੰਤਰ-ਰਾਸ਼ਟੀਕਰਨ ਦੇ ਯੁੱਗ ਵਿਚ ਰਹਿ ਰਹੇ ਹਾਂ। 'ਵਿਸ਼ਵੀਕਰਨ' ਨੇ ਕਾਫੀ ਭਾਵਾਤਮਿਕ ਬਲ ਪ੍ਰਾਪਤ ਕਰ ਲਿਆ ਹੈ। 1980 ਦੇ ਦਹਾਕੇ ਤੋਂ 'ਵਿਸ਼ਵੀਕਰਨ' ਸ਼ਬਦ ਪ੍ਰਚਲਿਤ ਹੈ ਜੋ ਤਕਨੀਕੀ ਪ੍ਰਗਤੀ ਦਰਸਾਉਂਦਾ ਹੈ ਜਿਸ ਨਾਲ ਅੰਤਰ-ਰਾਸ਼ਟਰੀ ਕਾਰਜ ਵਿਹਾਰ-ਵਪਾਰ ਅਤੇ ਆਰਕਿਕ ਗਤੀਸ਼ੀਲਤਾ ਦੋਹਾਂ ਨੂੰ ਪੂਰਾ ਕਰਨਾ ਜ਼ਿਆਦਾ ਅਸਾਨ ਤੇ ਤੇਜ਼ ਹੋ ਗਿਆ ਹੈ। 1991 ਵਿਚ ਭਾਰਤ ਆਪਣੀ ਅਰਥਵਿਵਸਥਾ ਨੂੰ ਉਦਾਰਤਾਵਾਦੀ ਬਣਾਉਣ ਲੱਗਾ ਅਤੇ ਵਿਸ਼ਵ ਦੇ ਬਾਕੀ ਭਾਗਾਂ ਲਈ ਖੋਲ੍ਹਣ ਲੱਗਾ। ਜਿਵੇਂ-ਜਿਵੇਂ ਅਸੀਂ ਭਵਿੱਖ ਵੱਲ ਵੱਧਦੇ ਹਾਂ, ਉਵੇਂ-ਉਵੇਂ ਪ੍ਰਤੀਤ ਹੁੰਦਾ ਹੈ ਕਿ ਭਾਰਤ ਵਿਸ਼ਵੀਕਰਨ ਜਾਰੀ ਰੱਖੇਗਾ। ਨਿਰੰਤਰ ਵੱਡੇ-ਵੱਡੇ ਰਾਸ਼ਟਰੀ ਸੰਗਠਨ ਭਾਰਤ ਵਿਚ ਪ੍ਰਵੇਸ਼ ਕਰ ਰਹੇ ਹਨ। ਪੈਪਸੀ ਨੇ ਆਪਣਾ ਮਾਲ ਵੇਚਣ ਲਈ ਭਾਰਤ ਨੂੰ ਲਕਸ਼ਿਤ ਕੀਤਾ ਹੈ। ਕੁਝ ਲੋਕਾਂ ਨੂੰ ਸ਼ਾਇਕ ਵਿਸ਼ਵੀਕਰਨ ਦੇ ਪ੍ਰਭਾਵ ਤੋਂ ਲਾਭ ਪਹੁੰਚ ਰਿਹਾ ਹੋਵੇਗਾ ਪਰੰਤੂ ਬਹੁਤੇ ਲੋਕ ਅਜਿਹੇ ਹਨ ਜੋ ਥੋੜ੍ਹਾ-ਬਹੁਤ ਉਨ੍ਹਾਂ ਕੋਲ ਹੈ ਉਹ ਵੀ ਗੁਆ ਰਹੇ ਹਨ।

### 2.4.2 ਵਿਸ਼ਵੀਕਰਨ ਦਾ ਅਰਥ

ਆਰਥਿਕ "ਵਿਸ਼ਵੀਕਰਨ" ਇਤਿਹਾਸਿਕ ਪ੍ਰਕਿਰਿਆ ਹੈ ਜੋ ਮਾਨਵ ਨਵ-ਪਰਿਵਰਤਨਾਂ ਅਤੇ ਤਕਨੀਕੀ ਪ੍ਰਗਤੀ ਦਾ ਪਰਿਣਾਮ ਹੈ। ਇਹ ਵਿਸ਼ਵ ਵਿਚ ਹਰ ਪਾਸੇ ਅਰਥਵਿਵਸਥਾ ਦੇ ਵਧਦੇ ਹੋਏ ਏਕੀਕਰਨ ਵਿਸ਼ੇਸ਼ ਰੂਪ ਤੋਂ ਵਪਾਰ ਅਤੇ ਆਰਥਿਕ ਗਤੀਸ਼ੀਲਤਾ ਨਾਲ ਸੰਬੰਧਿਤ ਹੈ। ਵੀਹਵੀਂ ਸਦੀ ਦੌਰਾਨ ਅੰਤਰ-ਰਾਸ਼ਟਰੀ ਅਦਾਨ-ਪ੍ਰਦਾਨ ਪ੍ਰਕਿਰਿਆ ਦੇ ਨਿਰੰਤਰ ਆਧੁਨਿਕੀਕਰਨ ਅਤੇ ਅੰਤਰ-ਰਾਸ਼ਟਰੀ ਸਮਝੌਤਿਆਂ ਦੁਆਰਾ ਇਸਦੀ ਪੁਸ਼ਟੀ ਨੇ ਸਾਡੇ ਸਮਾਜ ਦੇ ਵੱਧਦੇ ਹੋਏ ਵਿਸ਼ਵੀਕਰਨ ਨੂੰ ਕਾਇਮ ਰੱਖਿਆ ਹੈ ਅਤੇ ਇਸਨੂੰ ਗਤੀ ਪ੍ਰਦਾਨ ਕੀਤੀ ਹੈ। ਇਹ ਸ਼ਬਦ ਕਦੀ-ਕਦੀ ਅੰਤਰ-ਰਾਸ਼ਟਰੀ ਸੀਮਾਵਾਂ ਦੇ ਪਾਰ ਲੋਕਾਂ ਅਤੇ ਗਿਆਨ (ਤਕਨੀਕੀ) ਦੀ ਗਤੀ ਵੱਲ ਵੀ ਸੰਕੇਤ ਕਰਦਾ ਹੈ।

ਵਿਸ਼ਵੀਕਰਨ ਅਜਿਹੀ ਪ੍ਰਕਿਰਿਆ ਹੈ ਜੋ ਅੱਜ ਵਿਸ਼ਵ ਦੇ ਲਗਭਗ ਸਾਰੇ ਦੇਸ਼ਾਂ ਵਿਚ ਦੇਖਣ ਨੂੰ ਮਿਲਦੀ ਹੈ। ਇਸ ਪ੍ਰਕਿਰਿਆ ਦੇ ਮਾਧਿਅਮ ਨਾਲ ਸੰਸਕ੍ਰਿਤੀ ਅਤੇ ਉਦਯੋਗ-ਧੰਦਿਆਂ ਦਾ ਵਿਸਤਾਰ, ਮਿਸ਼ਨਰੀ ਗਤੀਵਿਧੀਆਂ, ਤਕਨੀਕੀ ਪਰਿਵਰਤਨ ਆਦਿ ਅਨੇਕ ਦੇਸ਼ਾਂ ਵਿਚ ਫੈਲ ਜਾਂਦੇ ਹਨ। ਇਸ ਪ੍ਰਕਿਰਿਆ ਦੇ ਫਲਸਰੂਪ ਵਿਭਿੰਨ ਦੇਸ਼ਾਂ ਦੇ ਮੂਲ ਨਿਵਾਸੀ ਇੱਕ ਦੂਜੇ ਦੇ ਨੇੜੇ ਆ ਜਾਂਦੇ ਹਨ। ਕਲਾ, ਸੰਸਕ੍ਰਿਤੀ, ਆਰਥਿਕ, ਵਿਗਿਆਨਿਕ, ਤਕਨੀਕੀ ਅਤੇ ਰਾਜਨੀਤਿਕ ਖੇਤਰ ਵਿਚ ਵੀ ਵਿਸ਼ਵੀਕਰਨ ਦੇਖਣ ਨੂੰ ਮਿਲਦਾ ਹੈ।

ਵਿਸ਼ਵ-ਵਿਆਪੀ ਬਜ਼ਾਰ ਵਿਸ਼ਵ ਵਿਚ ਚਾਰੇ ਵਿਸਤ੍ਰਿਤ ਮਾਰਕਿਟ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਲੋਕਾਂ ਨੂੰ ਜ਼ਿਆਦਾ ਅਵਸਰ ਪ੍ਰਦਾਨ ਕਰਦੇ ਹਨ। ਇਸਦਾ ਅਰਥ ਹੈ ਕਿ ਉਹ ਜ਼ਿਆਦਾ ਪੂੰਜੀ ਪ੍ਰਵਾਹ, ਤਕਨੀਕ, ਅਯਾਤ ਕੀਤੀਆਂ ਜਾਣ ਵਾਲੀਆਂ ਜ਼ਿਆਦਾ ਸਸਤੀਆਂ ਵਸਤੂਆਂ ਅਤੇ ਨਿਰਯਾਤ ਦੇ ਜ਼ਿਆਦਾ ਵੱਡੇ ਬਜ਼ਾਰਾਂ ਤੱਕ ਪਹੁੰਚ ਸਕਦੇ ਹਨ। ਜਿਵੇਂ-ਜਿਵੇਂ ਵਿਸ਼ਵੀਕਰਨ ਵਿਚ ਪ੍ਰਗਤੀ ਹੋਈ, ਉਵੇਂ-ਉਵੇਂ ਅਸਲ ਵਿਚ ਸਾਰੇ ਦੇਸ਼ਾਂ ਵਿਚ ਜੀਵਨ ਜਿਊਣ ਦੀ ਸਥਿਤੀ ਵਿਚ ਮਹੱਤਵਪੂਰਨ ਸੁਧਾਰ ਹੋਇਆ ਹੈ ਪਰੰਤੂ ਜ਼ਿਆਦਾ ਫਾਇਦਾ ਵਿਕਸਿਤ ਅਤੇ ਕੁਝ ਪ੍ਰਗਤੀਕਰਨ ਦੇਸ਼ਾਂ ਨੂੰ ਹੋਇਆ ਹੈ। ਅੰਤਰ-ਰਾਸ਼ਟਰੀ ਸਮੁਦਾਇ ਨੂੰ ਸਹਾਇਤਾ ਦੁਆਰਾ ਅੰਤਰ-ਰਾਸ਼ਟਰੀ ਵਿਚ ਪ੍ਰਨਾਲੀ ਨੂੰ ਦ੍ਰਿੜ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਸਹਾਇਤਾ ਦੁਆਰਾ ਜਿਆਦਾ ਗਰੀਬ ਦੇਸ਼ਾਂ ਨੂੰ ਵਿਸ਼ਵ ਅਰਥਵਿਵਸਥਾ ਨਾਲ ਏਕੀਕ੍ਰਿਤ ਹੋਣ, ਜਿਆਦਾ ਤੇਜ਼ੀ ਨਾਲ ਵਿਕਸਿਤ ਹੋਣ ਅਤੇ ਗਰੀਬੀ ਘੱਟ ਕਰਨ ਵਿਚ ਸਹਾਇਤਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ। ਅਜਿਹਾ ਕਰਨ ਨਾਲ ਹੀ ਸਾਰੇ ਦੇਸ਼ਾਂ ਵਿਚ ਲੋਕਾਂ ਦੀ ਵਿਸ਼ਵੀਕਰਨ ਦੇ ਲਾਭਾਂ ਤੱਕ ਪਹੁੰਚ ਹੋ ਸਕਦੀ ਹੈ।

1. **ਜੋਸਫ ਸਟੀਗਲਿਟਜ਼ ਦਾ ਵਿਚਾਰ:** ਵਿਸ਼ਵੀਕਰਨ ਦਾ ਅਰਥ ਹੈ 'ਮੁਕਤ ਵਪਾਰ ਦੀਆਂ ਰੁਕਾਵਟਾਂ ਦੂਰ ਕਰਨਾ ਅਤੇ ਰਾਸ਼ਟਰੀ ਅਰਥਵਿਵਸਥਾ ਦਾ ਨਜ਼ਦੀਕ ਤੋਂ ਏਕੀਕਰਨ ਕਰਨਾ। ਦੂਜੇ ਸ਼ਬਦਾਂ ਵਿੱਚ, ਆਰਥਿਕ ਵਿਸ਼ਵੀਕਰਨ ਵਪਾਰ, ਨਿਵੇਸ਼ ਅਤੇ ਲੋਕਾਂ ਦੇ ਪ੍ਰਵਾਸ ਦੁਆਰਾ ਵਿਸ਼ਵ ਦੀਆਂ ਵਿਭਿੰਨ ਅਰਥਵਿਵਸਥਾਵਾਂ ਦਾ ਸੰਕੇਤ ਦਿੰਤਾ ਹੈ।
2. **ਰੰਗਰਾਜਨ ਦਾ ਵਿਚਾਰ:** 'ਵਿਸ਼ਵੀਕਰਨ ਦਾ ਅਰਥ ਹੈ ਸੂਚਨਾਵਾਂ, ਵਿਚਹਰਾਂ, ਤਕਨੀਕੀ, ਵਸਤੂਆਂ, ਸੇਵਾਵਾਂ, ਪੂੰਜੀ, ਵਿੱਤ ਅਤੇ ਲੋਕਾਂ ਦੀ ਦੇਸ਼ ਦੀਆਂ ਸੀਮਾਵਾਂ ਦੇ ਬਾਹਰ ਪ੍ਰਵਾਹ ਦੁਆਰਾ ਸਮਾਜਾਂ ਅਤੇ ਅਰਥਵਿਵਸਥਾ ਦਾ ਏਕੀਕਰਨ।'
3. **ਚੈਂਬਰ ਸ਼ਬਦਕੋਸ਼:** 'ਵਿਸ਼ਵੀਕਰਨ ਦਾ ਅਰਥ ਹੈ ਵੈਸ਼ਵਿਕ ਭਾਵ ਵਿਸ਼ਵਿਆਪੀ ਬਣਾ ਦੇਣਾ ਜਾਂ ਸਮੁੱਚੇ ਵਿਸ਼ਵ ਭਾਵ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰਨਾ।'

### 2.4.3 ਵਿਸ਼ਵੀਕਰਨ ਦੀਆਂ ਵਿਸ਼ੇਸ਼ਤਾਵਾਂ

1. **ਰੁਕਾਵਟਾਂ ਦੂਰ ਕਰਨਾ–** ਵਿਸ਼ਵੀਕਰਨ ਦਾ ਅਰਥ ਹੈ ਮੁਕਤ ਵਪਾਰ ਦੀਆ ਰੁਕਾਵਟਾਂ ਦੂਰ ਕਰਨਾ।
2. **ਰਾਸ਼ਟਰੀ ਅਰਥਵਿਵਸਥਾਵਾਂ ਦਾ ਏਕੀਕਰਨ–** ਆਰਥਿਕ ਵਿਸ਼ਵੀਕਰਨ ਵਪਾਰ, ਨਿਵੇਸ਼ ਅਤੇ ਲੋਕਾਂ ਦੇ ਪ੍ਰਵਾਸ ਦੁਆਰਾ ਵਿਸ਼ਵ ਦੀਆਂ ਵਿਭਿੰਨ ਅਰਥਵਿਵਸਥਾਵਾਂ ਦਾ ਏਕੀਕਰਨ ਹੈ।
3. **ਸਮਾਜਾਂ ਅਤੇ ਅਰਥਵਿਵਸਥਾਵਾਂ ਦਾ ਏਕੀਕਰਨ–** ਵਿਸ਼ਵੀਕਰਨ ਦਾ ਅਰਥ ਹੈ ਸੂਚਨਾ, ਵਿਚਾਰਾਂ, ਤਕਨੀਕੀ ਵਸਤੂਆਂ, ਪੂੰਜੀ, ਵਿੱਤ ਅਤੇ ਲੋਕਾਂ ਦੀ ਦੇਸ਼ ਦੀਆਂ ਸੀਮਾਵਾਂ ਤੋਂ ਬਾਹਰ ਪ੍ਰਵਾਹ ਦੁਆਰਾ ਸਮਾਜਾਂ ਅਤੇ ਅਰਥਵਿਵਸਥਾਵਾਂ ਦਾ ਏਕੀਕਰਨ।
4. **ਮੁਕਤ ਵਿਨਿਮਯ–** ਵਿਸ਼ਵੀਕਰਨ ਅਸਲ ਵਿੱਚ ਵਸਤੂਆਂ, ਸੇਵਾਵਾਂ ਅਤੇ ਸਮੱਗਰੀ ਦੇ ਮੁਕਤ ਵਿਨਿਮਯ ਦਾ ਮਿਸ਼ਰਨ ਹੈ।
5. **ਲੋਕਾਂ ਦਾ ਹਿੱਤ–** ਵਸਤੂਆਂ, ਸੇਵਾਵਾਂ ਅਤੇ ਸਮੱਗਰੀ ਦੇ ਮੁਕਤ ਵਿਨਿਮਯ ਦਾ ਅਰਥ ਹੈ ਲੋਕਾਂ ਦੀ ਭਲਾਈ।
6. **ਲੋਕਾਂ ਅਤੇ ਗਿਆਨ ਦੀ ਗਤੀ–** 'ਵਿਸ਼ਵੀਕਰਨ' ਸ਼ਬਦ ਕਦੀ-ਕਦੀ ਅੰਤਰ-ਰਾਸ਼ਟਰੀ ਸੀਮਾਵਾਂ ਦੇ ਪਾਰ ਲੋਕਾਂ ਅਤੇ ਗਿਆਨ (ਤਕਨੀਕੀ) ਦੀ ਗਤੀ ਵੱਲ ਵੀ ਸੰਕੇਤ ਕਰਦਾ ਹੈ।
7. **ਵਿਸ਼ਵਵਿਆਪੀ ਬਜ਼ਾਰ ਤੱਕ ਪਹੁੰਚ**- ਵਿਸ਼ਵੀਕਰਨ ਬਜ਼ਾਰ ਵਿਚ ਚਾਰੇ ਪਾਸੇ ਜ਼ਿਆਦਾ ਅਤੇ ਵਿਸਤ੍ਰਿਤ ਬਜ਼ਾਰ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਲੋਕਾਂ ਨੂੰ ਜ਼ਿਆਦਾ ਅਵਸਰ ਪ੍ਰਦਾਨ ਕਰਦਾ ਹੈ।
8. **ਜ਼ਿੰਦਗੀ ਜਿਊਣ ਦੀ ਸਥਿਤੀ ਵਿਚ ਸੁਧਾਰ–** ਜਿਉਂ-ਜਿਉਂ ਵਿਸ਼ਵੀਕਰਨ ਵਿਚ ਪ੍ਰਗਤੀ ਹੋਈ ਹੈ, ਤਿਉਂ-ਤਿਉਂ ਵਸਤਵ ਵਿਚ ਸਾਰੇ ਦੇਸ਼ਾਂ ਵਿਚ ਜ਼ਿੰਦਗੀ ਜਿਊਣ ਦੀ ਸਥਿਤੀ ਵਿੱਚ ਮਹੱਤਵਪੂਰਨ ਸੁਧਾਰ ਹੋਇਆ ਹੈ। ਪਰੰਤੂ ਜਿਆਦਾ ਲਾਭ ਵਿਕਸਿਤ ਅਤੇ ਕੁਝ ਪ੍ਰਗਤੀਸ਼ੀਲ ਦੇਸ਼ਾਂ ਨੂੰ ਹੋਇਆ ਹੈ।
9. **ਅੰਤਰ-ਰਾਸ਼ਟਰੀ ਵਿੱਤ ਪ੍ਰਣਾਲੀ ਦੀ ਸੁਦ੍ਰਿੜ੍ਹਤਾ–** ਅੰਤਰ-ਰਾਸ਼ਟਰੀ ਸਮੁਦਾਇ ਨੂੰ ਸਹਾਇਤਾ ਦੁਆਰਾ ਅੰਤਰ-ਰਾਸ਼ਟਰੀ ਵਿੱਤ ਪ੍ਰਨਾਲੀ ਨੂੰ ਦ੍ਰਿੜ ਬਣਾਉਣ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਸਹਾਇਤਾ ਦੁਆਰਾ ਜ਼ਿਆਦਾ ਗਰੀਬ ਦੇਸ਼ਾਂ ਨੂੰ ਵਿਸ਼ਵ ਅਰਥਵਿਵਸਥਾ ਨਾਲ ਏਕੀਕ੍ਰਿਤ ਹੋਣ, ਜ਼ਿਆਦਾ ਤੇਜ਼ੀ ਨਾਲ ਵਿਕਸਿਤ ਹੋਣ ਅਤੇ ਗਰੀਬੀ ਨੂੰ ਘੱਟ ਕਰਨ ਵਿਚ ਸਹਾਇਤਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ।
10. **ਰਾਸ਼ਟਰਾਂ ਵਿੱਚ ਅੰਤਰਕਿਰਿਆ–** ਵਿਆਪਕ ਅਰਥ ਵਿਚ ਵਿਸ਼ਵੀਕਰਨ ਰਾਸ਼ਟਰਾਂ ਵਿਚਕਾਰ ਕਾਰਜ ਅਤੇ ਪਰਸਪਰ ਕਿਰਿਆ (ਅੰਤਰਕਿਰਿਆ) ਦੇ ਵਧਾਏ ਗਏ ਖੇਤਰ ਵੱਲ ਸੰਕੇਤ ਕਰਦਾ ਹੈ। ਇਹ ਰਾਸ਼ਟਰਾਂ ਵਿਚਕਾਰ ਪਰਸਪਰ ਕਿਰਿਆ ਪ੍ਰਤੀ ਅਭਿਵ੍ਰਿਤੀ ਹੋ ਸਕਦੀ ਹੈ।

### 2.4.4 ਵਿਸ਼ਵੀਕਰਨ ਦੇ ਪ੍ਰਭਾਵ

ਵਿਸ਼ਵੀਕਰਨ ਨੇ ਇਲੈਕਟ੍ਰਾਨਿਕ, ਸੰਸਕ੍ਰਿਤਿਕ, ਖੇਤੀ, ਆਰਥਿਕ, ਸੇਵਾ ਅਤੇ ਸਿੱਖਿਆ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਵਿਸ਼ਵੀਕਰਨ ਦਾ ਵਿਭਿੰਨ ਖੇਤਰਾਂ ਵਿਚ ਪ੍ਰਭਾਵ ਹੇਠ ਲਿਖੇ ਅਨੁਸਾਰ ਹੈ–

1. **ਇਲੈੱਕਟ੍ਰਾਨਿਕ ਖੇਤਰ–** ਵਿਸ਼ਵੀਕਰਨ ਨੇ ਸੰਚਾਰ ਅਤੇ ਮਨੋਰੰਜਨਾਤਮਿਕ ਖੇਤਰ ਜਿਵੇਂ ਟੈਲੀਵਿਜ਼ਨ, ਇੰਟਰਨੈੱਟ, ਸੰਚਾਰ ਅਤੇ ਸੈਟੇਲਾਇਟ ਚੈਨਲ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਕੀਤੇ ਹਨ।

2. **ਸੰਸਕ੍ਰਿਤਿਕ ਖੇਤਰ–** ਇਲੈਕਟ੍ਰਾਨਿਕ ਮਾਧਿਅਮ ਨੇ ਸੰਸਕ੍ਰਿਤਿਕ ਅਨੁਭਵਾਂ ਅਤੇ ਅੰਤਰ-ਕਿਰਿਆਵਾਂ ਨੂੰ ਪਰਸਪਰ ਵੰਡਣ ਲਈ ਮਾਧਿਅਮਾਂ ਨੂੰ ਵਿਸ਼ਵੀਕਰਨ ਕੀਤਾ ਹੈ। ਵਿਸ਼ਵੀਕਰਨ ਨੇ ਸਥਾਨਕ ਅਤੇ ਖੇਤਰੀ ਸੰਸਕ੍ਰਿਤਿਕ ਖੇਤਰ ਨੂੰ ਸੁਦ੍ਰਿੜ੍ਹ ਵੀ ਕੀਤਾ ਹੈ।
3. **ਆਰਥਿਕ ਖੇਤਰ–** ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਭਾਰਤੀ ਅਰਥਵਿਵਸਥਾ ਨੂੰ ਤਾਨਾਸ਼ਾਹੀ ਨਿਯੰਤਰਨ ਤੋਂ ਮੁਕਤ ਕੀਤਾ ਹੈ ਅਤੇ ਆਰਥਿਕ ਉਦਾਰੀਕਰਨ ਦੀ ਸਹਾਇਤਾ ਨਾਲ ਵਪਾਰ, ਨਿਰਯਾਤ ਅਤੇ ਉਤਪਾਦਕਤਾ ਨੂੰ ਬੜ੍ਹਾਵਾ ਦਿੱਤਾ ਹੈ। ਇਸਨੇ ਭਾਰਤੀ ਅਰਥਵਿਵਸਥਾ ਨੂੰ ਵਿਸ਼ਵ ਦੀ ਅਰਥਵਿਵਸਥਾ ਨਾਲ ਏਕੀਕ੍ਰਿਤ ਕਰਨ ਵਿਚ ਸਹਾਇਤਾ ਕੀਤੀ ਹੈ। ਇਸਦੇ ਫਲਸਰੂਪ ਵਿਦੇਸ਼ੀ ਮੁਦਰਾ ਕੋਸ਼ ਅਤੇ ਨਿਰਯਾਤ ਨੂੰ ਬੜ੍ਹਾਵਾ ਮਿਲ ਰਿਹਾ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਅਸਮਾਨ ਪ੍ਰਤੀਯੋਗਿਤਾ ਵਿਸ਼ਾਲ ਬਹੁ-ਰਾਸ਼ਟਰੀ ਕੰਪਨੀਆਂ ਅਤੇ ਭਾਰਤੀ ਉੱਦਮ ਵਿਚਕਾਰ ਪ੍ਰਤੀਯੋਗਿਤਾ ਨੂੰ ਬੜ੍ਹਾਵਾ ਦਿੱਤਾ ਹੈ।
4. **ਕ੍ਰਿਸ਼ੀ ਖੇਤਰ–** ਵਿਸ਼ਵੀਕਰਨ ਨੇ ਅਰਥਵਿਵਸਥਾ ਦੇ ਕ੍ਰਿਸ਼ੀ ਖੇਤਰ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ। ਇਸਨੇ ਉਤਪਾਦਕਾਂ ਦੀ ਗੁਣਵੱਤਾ ਸੁਧਾਰਨ ਵਿਚ ਵੀ ਸਹਾਇਤਾ ਕੀਤੀ ਹੈ। ਇਸਦੇ ਉਪਭੋਗਤਾਵਾਂ ਲਈ ਘੱਟ ਮੁੱਲ ਅਤੇ ਜ਼ਿਆਦਾ ਵਿਭਿੰਨਤਾ ਨਾਲ ਚੋਣ ਦੇ ਜ਼ਿਆਦਾ ਅਵਸਰ ਪ੍ਰਦਾਨ ਕੀਤੇ ਹਨ। ਇਸਦੇ ਉਤਪਾਦਕਾਂ ਲਈ ਵਿਕਾਸਸ਼ੀਲ ਪ੍ਰਤੀਯੋਗੀ ਮਾਰਕਿਟ ਪ੍ਰਦਾਨ ਕੀਤੀ ਹੈ।
5. **ਸੇਵਾ ਖੇਤਰ–** ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਬਹੁ-ਰਾਸ਼ਟਰੀ ਕੰਪਨੀਆਂ ਦੇ ਆਗਮਨ ਨਾਲ ਸੇਵਾ ਖੇਤਰ ਵਿਚ ਬਹੁਤ ਜਿਆਦਾ ਵਾਧਾ ਹੋਇਆ ਹੈ। ਬਿਜਲੀ, ਬੀਮਾ, ਦੂਰਸੰਚਾਰ, ਸੂਚਨਾ ਤਕਨੀਕੀ ਆਦਿ ਦੇ ਵਿਭਿੰਨ ਖੇਤਰਾਂ ਵਿਚ, ਜਿਨ੍ਹਾਂ ਤੇ ਸਰਕਾਰ ਦਾ ਏਕਾਧਿਕਾਰ ਸੀ, ਪ੍ਰਾਈਵੇਟ ਕੰਪਨੀਆਂ ਦੇ ਆਉਣ ਨਾਲ ਭਾਰਤ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਵੀ ਵਿਕਾਸ ਹੋਇਆ ਹੈ।
6. **ਸਿੱਖਿਆ ਖੇਤਰ–** ਵਿਸ਼ਵੀਕਰਨ ਨੇ ਬਿਜਲੀ, ਸੰਸਕ੍ਰਿਤਿਕ ਆਰਥਿਕ ਕ੍ਰਿਸ਼ੀ ਅਤੇ ਸੇਵਾ ਖੇਤਰ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਸਿੱਖਿਆ ਖੇਤਰ-ਸਿੱਖਿਆ ਦੇ ਉਦੇਸ਼ਾਂ, ਪਾਠਕ੍ਰਮ, ਅਧਿਆਪਨ ਵਿਧੀਆਂ, ਅਧਿਆਪਕ ਦੀ ਭੂਮਿਕਾ, ਅਨੁਸ਼ਾਸਨ ਦੇ ਪ੍ਰਕਾਰ ਅਤੇ ਮੁੱਲਾਂਕਣ ਨੂੰ ਪ੍ਰਭਾਵਿਤ ਕੀਤਾ ਹੈ।

### 2.4.5 ਵਿਸ਼ਵੀਕਰਨ ਦੇ ਖਤਰੇ

1. **ਸਵਦੇਸ਼ੀ 'ਤੇ ਹਮਲਾ–** ਘੱਟ ਕੀਮਤਾਂ ਵਿਚ ਖਰੀਦਣ ਦੀ ਇੱਛਾ ਸਵਦੇਸ਼ੀ ਅਤੇ ਮਹਿੰਗੇ ਉਤਪਾਦ ਦੀ ਤੁਲਨਾ ਵਿਚ ਸਸਤੇ ਤੇ ਵਿਦੇਸ਼ੀ ਉਤਪਾਦ ਖਰੀਦਣ ਦੀ ਇੱਛਾ ਨੂੰ ਬੜ੍ਹਾਵਾ ਦਿੰਦੀ ਹੈ। ਇੱਥੇ ਸਿੱਖਿਆ ਨੂੰ ਵੀ ਇੱਕ ਉਤਪਾਦ ਦੇ ਰੂਪ ਵਿਚ ਮੰਨ ਲਿਆ ਗਿਆ ਹੈ। ਇਹ ਚਿੰਤਾ ਦਾ ਵਿਸ਼ਾ ਹੈ ਕਿ ਇਸਦੇ ਦੂਰਗਾਮੀ ਪਰਿਣਾਮ ਕਿੰਨੇ ਭਿਆਨਕ ਹੋਣਗੇ।
2. **ਲਘੂ ਉਦਯੋਗਾਂ ਨੂੰ ਖਤਰਾ–** ਮਸ਼ੀਨਾਂ ਤੋਂ ਬਣਿਆ ਉਤਪਾਦ ਹੱਥ ਤੋਂ ਬਣੇ ਉਤਪਾਦ ਤੋਂ ਸਸਤਾ ਹੁੰਦਾ ਹੈ। ਮਸ਼ੀਨੀਕਰਨ ਅਤੇ ਦੂਜੇ ਦੇਸ਼ਾਂ ਨਾਲ ਸੁਤੰਤਰ ਵਪਾਰ ਦੇ ਫਲਸਰੂਪ ਲਘੂ ਉਦਯੋਗ ਆਪਣੀ ਹੋਂਦ ਵੀ ਕਾਇਮ ਨਹੀਂ ਰੱਖ ਸਕਣਗੇ।
3. **ਜੀਵਨ-ਸ਼ੈਲੀ ਵਿਚ ਪਰਿਵਰਤਨ–** ਵਿਸ਼ਵੀਕਰਨ ਦੇ ਕਾਰਨ ਜੀਵਨ ਵਿਚ ਸੰਤੋਸ਼ ਨੂੰ ਸਭ ਤੋਂ ਉੱਚਾ ਸਥਾਨ ਦੇਣ ਵਾਲੀ ਭਾਰਤੀ ਸੱਭਿਅਤਾ ਅਤੇ ਸ਼ੈਲੀ ਵਿੱਚ ਪਰਿਵਰਤਨ ਆ ਗਿਆ ਹੈ। ਅਸੀਂ ਪੱਛਮੀ ਸ਼ੈਲੀ ਵਿਚ ਜੀਵਨ ਜਿਊਣ ਨੂੰ ਸ਼੍ਰੇਸਠ ਮੰਨਣ ਲੱਗੇ ਹਾਂ। ਭਾਰਤੀ ਰੀਤੀ-ਰਿਵਾਜਾਂ ਦੇ ਪ੍ਰਤੀ ਸਨਮਾਨ ਦੀ ਭਾਵਨਾ ਦਾ ਪਤਨ ਹੋ ਰਿਹਾ ਹੈ।

ਬਦਲਦੀ ਹੋਈ ਪਰਿਸਥਿਤੀ ਵਿਚ ਕੀ ਗ੍ਰਹਿਣ ਕਰੀਏ ਅਤੇ ਕੀ ਨਹੀਂ? ਇਹ ਭਰਮ ਪੈਦਾ ਹੋ ਗਿਆ ਹੈ।

4. **ਸੰਸਕ੍ਰਿਤਿਕ ਵਿਲੰਬਨਾ–** ਭੌਤਿਕ ਸੰਸਕ੍ਰਿਤੀ ਗ੍ਰਹਿਣ ਕਰਨ ਦੀ ਪ੍ਰਕਿਰਿਆ ਤੁਰੰਤ ਹੁੰਦੀ ਹੈ ਅਭੌਤਿਕ ਸੰਸਕ੍ਰਿਤੀ ਬਹੁਤ ਧੀਮੀ ਗਤੀ ਨਾਲ ਪ੍ਰਗਟ ਹੁੰਦੀ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਦੁਆਰਾ ਇਹ ਅੰਤਰਾਲ ਵਧਾ ਦਿੱਤਾ ਗਿਆ ਹੈ ਅਤੇ ਸੰਸਕ੍ਰਿਤਿਕ ਵਿਲੰਬਨਾ ਦੀ ਪਰਿਸਥਿਤੀ ਪੈਦਾ ਹੋ ਗਈ ਹੈ।
5. **ਸੰਸਕ੍ਰਿਤਕ ਪ੍ਰਦੂਸ਼ਣ–** ਆਪਣੀ ਸੰਸਕ੍ਰਿਤੀ ਨੂੰ ਬਣਾਈ ਰੱਖਣਾ ਹਰੇਕ ਸਮਾਜ ਦੀ ਜਿੰਮੇਵਾਰੀ ਹੈ। ਵਿਸ਼ਵਗ੍ਰਾਮ ਦੀ ਧਾਰਨਾ ਤੋਂ ਮਿਸ਼ਰਿਤ ਸੰਸਕ੍ਰਿਤਿਕ ਮੁੱਲਾਂ ਦੀ ਵਿਵਸਥਾ ਜਨਮ ਲਏਗੀ ਜਿਸ ਵਿਚ ਜਰੂਰੀ ਨਹੀਂ ਕਿ ਸਭ ਕੁਝ ਚੰਗਾ ਹੀ ਗ੍ਰਹਿਣ ਕੀਤਾ ਜਾਏ। ਇੱਕ ਪ੍ਰਕਾਰ ਇਹ ਪ੍ਰਕਿਰਿਆ ਸੰਸਕ੍ਰਿਤਿਕ ਪ੍ਰਦੂਸ਼ਣ ਪੈਦਾ ਕਰੇਗੀ।

### 2.4.6 ਵਿਸ਼ਵੀਕਰਨ ਅਤੇ ਸਿੱਖਿਆ

ਉੱਚ ਸਿੱਖਿਆ ਦੇ ਵਿਸ਼ਵੀਕਰਨ ਨਾਲ ਸੰਬੰਧਿਤ ਧਾਰਨਾਵਾਂ

1. **ਅਨੁਰੂਪਤਾ ਦਾ ਵਿਕਾਸ–** ਉੱਚ ਸਿੱਖਿਆ ਦਾ ਵਿਸ਼ਵੀਕਰਨ ਰਾਸ਼ਟਰਾਂ ਵਿਚਕਾਰ ਮਾਨਵ ਮੁੱਲ, ਸਦਭਾਵਨਾ ਅਤੇ ਅਨੁਰੂਪਤਾ ਵਿਕਸਿਤ ਕਰਦਾ ਹੈ।
2. **ਜੀਵਨ ਵਿੱਚ ਪੱਧਰ–** ਉੱਚ ਸਿੱਖਿਆ ਦਾ ਵਿਸ਼ਵੀਕਰਨ ਸਿੱਖਿਆ ਅਤੇ ਜੀਵਨ ਦੇ ਪੱਧਰ ਵਿਚ ਸੁਧਾਰ ਲਿਆਉਂਦਾ ਹੈ।
3. **ਵਿਸ਼ਵ ਸੰਸਕ੍ਰਿਤੀ–** ਇਹ ਪਰਸਪਰ ਕਿਰਿਆ ਦੁਆਰਾ ਵਿਸ਼ਵ ਸੰਸਕ੍ਰਿਤੀ ਨੂੰ ਪ੍ਰੋਤਸਾਹਿਤ ਕਰਦੀ ਹੈ।
4. **ਵਿਸ਼ਵ ਅਰਥਵਿਵਸਥਾ–** ਇਹ ਵਿਸ਼ਵ ਅਰਥਵਿਵਸਥਾ ਨੂੰ ਪ੍ਰੋਤਸਾਹਿਤ ਕਰਦੀ ਹੈ।
5. **ਗੁਣਾਤਮਿਕ ਅਧਿਆਪਨ ਅਤੇ ਖੋਜ–** ਦੇਸ਼ਾਂ ਵਿਚਕਾਰ ਸਾਂਝੇਦਾਰੀ ਅਤੇ ਕਾਰਜ-ਪ੍ਰਨਾਲੀ ਅਧਿਆਪਨ ਅਤੇ ਖੋਜ ਪੱਧਰ ਵਿਚ ਸੁਧਾਰ ਲਿਆਉਂਦੇ ਹਨ।
6. **ਉੱਚ ਚੇਤਨਾ ਦਾ ਵਿਕਾਸ–** ਉੱਚ ਸਿੱਖਿਆ ਦਾ ਵਿਸ਼ਵੀਕਰਨ ਮਨੁੱਖ ਵਿਚ ਉੱਚ ਅਤੇ ਵਿਆਪਕ ਚੇਤਨਾ ਦੇ ਵਿਕਾਸ ਨਾਲ ਸੰਬੰਧਿਤ ਹੈ।

### ਵਿਸ਼ਵੀਕਰਨ ਦੀ ਜ਼ਰੂਰਤ ਅਤੇ ਮਹੱਤਵ:

ਵਿਸ਼ਵ ਦੀ ਬਦਲਦੀ ਹੋਈ ਰੂਪਰੇਖਾ ਦੇ ਦ੍ਰਿਸ਼ਟੀਕੋਣ ਤੋਂ ਸਾਰੇ ਖੇਤਰਾਂ ਵਿਚ ਨਵੇਂ ਪਰਿਵਰਤਨ ਹੋ ਰਹੇ ਹਨ। ਵਿਗਿਆਨ, ਤਕਨੀਕ, ਵਣਿਜ, ਕ੍ਰਿਸ਼ੀ, ਪੁਲਾੜ ਵਿਗਿਆਨ, ਸਮਾਜਿਕ ਵਿਗਿਆਨ, ਸਿਹਤ ਵਿਗਿਆਨ ਸੰਬੰਧੀ ਵਿਸ਼ਵੀਕਰਨ ਦੇ ਨਵੇਂ ਖੇਤਰ ਉੱਭਰ ਰਹੇ ਹਨ। ਸਿੱਖਿਆ ਪ੍ਰਨਾਲੀ ਨਾਲ ਸੰਪਰਕ ਆਤਮ-ਨਿਰਭਰਤਾ, ਰਾਸ਼ਟਰੀ ਵਿਕਾਸ ਅਤੇ ਅੰਤਰ-ਰਾਸ਼ਟਰੀ ਪੱਧਰਾਂ ਦੇ ਲੱਕਸ਼ ਪ੍ਰਾਪਤ ਕਰਨ ਵਿਚ ਸਹਾਇਤਾ ਕਰੇਗਾ। ਵਿਸ਼ਵੀਕਰਨ ਦੀ ਜਰੂਰਤ ਦਾ ਹੇਠ ਲਿਖੇ ਰੂਪ ਵਿਚ ਸਾਰ ਦਿੱਤਾ ਜਾ ਸਕਦਾ ਹੈ-

1. **ਦੇਸ਼ ਦੀ ਸੁਰੱਖਿਆ–** ਦੇਸ਼ ਦੀ ਸੁਰੱਖਿਆ ਅਤੇ ਅਖੰਡਤਾ ਮਹੱਤਵਪੂਰਨ ਕਾਰਕ ਹੈ ਜਿਸਦੇ ਲਈ ਵਿਸ਼ਵੀਕਰਨ ਅਤੇ ਅੰਤਰ-ਰਾਸ਼ਟਰੀ ਬੋਧ ਜਰੂਰੀ ਹੈ।
2. **ਵਾਤਾਵਰਨ ਸੰਬੰਧੀ ਮੁੱਦੇ ਅਤੇ ਸਮੱਸਿਆਵਾਂ–** ਵਾਤਾਵਰਨ ਨਾਲ ਸੰਬੰਧਿਤ ਮੁੱਦੇ ਅਤੇ ਸਮੱਸਿਆਵਾਂ ਰਾਸ਼ਟਰਾਂ ਨੂੰ ਮਜਬੂਰ ਕਰਦੇ ਹਨ ਕਿ ਉਹ ਇੱਕਠੇ ਮਿਲ ਕੇ ਅੰਤਰ-ਰਾਸ਼ਟਰੀ ਪੱਧਰ 'ਤੇ ਨਿਰਨਾ ਲੈਣ।
3. **ਰਾਜਨੀਤਿਕ ਗਠਜੋੜ–** ਦੇਸ਼ਾਂ ਵਿਚ ਰਾਜਨੀਤਿਕ ਗਠਜੋੜ ਨਵੇਂ ਸੰਬੰਧਾਂ ਅਤੇ ਸਮਾਯੋਜਨਾਂ ਵਿਚ ਸਹਾਇਤਾ ਕਰਦੇ ਹਨ।

4. **ਅੰਤਰ-ਰਾਸ਼ਟਰੀ ਵਪਾਰ-** ਉਦਯੋਗ, ਖੇਤੀ, ਪ੍ਰਤੀਰੱਖਿਆ, ਖਣਿਜ, ਤਕਨੀਕੀ ਅਤੇ ਸਿੱਖਿਆ ਆਦਿ ਦੇ ਖੇਤਰ ਵਿਚ ਅੰਤਰ-ਰਾਸ਼ਟਰੀ ਵਪਾਰ ਅਤੇ ਖਰੀਦ-ਵੇਚ ਵਿਚ ਅਚਾਨਕ ਪ੍ਰਗਤੀ ਹੋ ਰਹੀ ਹੈ ਜੋ ਵਿਸ਼ਵਵਿਆਪੀ ਪਰਿਪੇਖ ਉਤਪੰਨ ਕਰਦੀ ਹੈ।
5. **ਜਨਸੰਖਿਆ ਵਿਸਫੋਟ-** ਜਨਸੰਖਿਆ ਵਿਸਫੋਟ ਕਾਰਨ ਇੰਨੀ ਵੱਡੀ ਜਨਸੰਖਿਆ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਨਵੇਂ ਸੰਸਾਧਨਾਂ ਦੀ ਛਾਣਬੀਣ ਕੀਤੇ ਜਾਣ ਦੀ ਜ਼ਰੂਰਤ ਹੈ। ਇਸ ਲਈ ਨਵੇਂ ਸੰਸਾਧਨਾਂ ਅਤੇ ਵਿਕਾਸ ਦੇ ਪ੍ਰਕਾਰਾਂ ਦੀ ਖੋਜ ਵਿਕਾਸਾਤਮਿਕ ਕਿਰਿਆਵਾਂ ਦੀ ਪ੍ਰਕਿਰਤੀ ਨੂੰ ਪ੍ਰਭਾਵਿਤ ਕਰਦੀ ਹੈ।
6. **ਵੱਧਦੀ ਹੋਈ ਬੇਰੁਜ਼ਗਾਰੀ-** ਵੱਧਦੀ ਹੋਈ ਬੇਰੁਜ਼ਗਾਰੀ ਬੁੱਧੀਜੀਵੀਆਂ ਦੇ ਬਰੇਨ-ਡਰੇਨ ਲਈ ਜ਼ਿੰਮੇਵਾਰ ਹੈ। ਵਿਵਸਾਇਕ ਰੂਪ ਤੋਂ ਯੋਗ ਲੋਕ ਆਪਣੀ ਉਪਯੁਕਤ ਨਿਯੁਕਤੀ ਅਤੇ ਪ੍ਰਗਤੀ ਲਈ ਦੂਜੇ ਦੇਸ਼ਾਂ ਵਿੱਚ ਚਲੇ ਜਾਂਦੇ ਹਨ।
7. **ਜਨਸੰਚਾਰ ਮਾਧਿਅਮ ਅਤੇ ਸੂਚਨਾ ਤਕਨੀਕੀ-** ਜਨਸੰਚਾਰ ਮਾਧਿਅਮ ਅਤੇ ਸੂਚਨਾ ਤਕਨੀਕੀ ਦੀ ਭੂਮਿਕਾ ਨੇ ਲੋਕਾਂ, ਰਾਸ਼ਟਰਾਂ ਅਤੇ ਦੇਸ਼ਾਂ ਨੂੰ ਇੱਕਠਿਆਂ ਕਰ ਦਿੱਤਾ ਹੈ ਅਤੇ ਸਹਿਯੋਗ ਤੇ ਮੇਲ-ਮਿਲਾਪ ਦੀ ਭਾਵਨਾ ਵਿਕਸਿਤ ਹੋ ਗਈ ਹੈ।
8. **ਵਿਗਿਆਨ ਅਤੇ ਤਕਨੀਕੀ ਦਾ ਵਿਕਾਸ-** ਵਿਗਿਆਨ ਅਤੇ ਤਕਨੀਕੀ ਦੇ ਵਿਕਾਸ ਨੇ ਆਵਾਜਾਈ, ਸੰਚਾਰ ਦੇ ਸਾਧਨਾਂ ਵਿਚ ਰਾਸ਼ਟਰਾਂ ਵਿਚਕਾਰ ਸਰਲ ਅੰਤਰਕਿਰਿਆ ਅਤੇ ਬੇਹਤਰ ਉਤਪਾਦਨ ਲਈ ਨਵੀਆਂ ਭੌਤਿਕ ਬੁਨਿਆਦੀ ਸੰਰਚਨਾਵਾਂ ਦਾ ਨਿਰਮਾਣ ਕਰਨ ਵਿਚ ਕ੍ਰਾਂਤੀ ਲਿਆ ਦਿੱਤੀ ਹੈ। ਨਵੀਂ ਆਰਥਿਕ ਵਿਵਸਥਾ ਦਾ ਨਿਰਮਾਣ ਵੀ ਜਰੂਰੀ ਹੋ ਗਿਆ ਹੈ।

## ਭਾਰਤੀ ਉੱਚ ਸਿੱਖਿਆ ਦੇ ਅੰਤਰ-ਰਾਸ਼ਟਰੀਕਰਨ 'ਤੇ ਮੈਸੂਰ ਦਾ ਗੋਲ ਮੇਜ਼ ਸੰਮੇਲਨ, 2001

ਮੈਸੂਰ ਵਿਸ਼ਵਵਿਦਿਆਲਾ, ਮੈਸੂਰ ਵਿੱਚ 26 ਤੋਂ 28 ਫਰਵਰੀ, 2001 ਤਕ 'ਭਾਰਤੀ ਵਿਸ਼ਵਵਿਦਿਆਲਾ ਸੰਘ' ਦੁਆਰਾ ਭਾਰਤੀ ਉੱਚ ਸਿੱਖਿਆ ਦੇ ਅੰਤਰ-ਰਾਸ਼ਟਰੀਕਰਨ 'ਤੇ ਗੋਲ ਮੇਜ਼ ਸੰਮੇਲਨ ਦਾ ਆਯੋਜਨ ਕੀਤਾ ਗਿਆ। ਸੰਮੇਲਨ ਵਿਚ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਵਰਿਸ਼ਠ ਭਾਰਤੀ ਸਿੱਖਿਆ-ਸ਼ਾਸਤਰੀਆਂ, ਨਿਯੋਜਕਾਂ, ਅੰਤਰ-ਰਾਸ਼ਟਰੀ ਅਧਿਆਪਕਾਂ ਨੇ ਉੱਚ ਸਿੱਖਿਆ ਦੇ ਅੰਤਰ-ਰਾਸ਼ਟਰੀਕਰਨ 'ਤੇ ਵਿਸਥਾਰਪੂਰਵਕ ਚਰਚਾ ਕੀਤੀ। ਉਨ੍ਹਾਂ ਨੇ ਨਿਮਨਲਿਖਿਤ ਨਾਲ ਸੰਬੰਧਿਤ ਵਿਸ਼ਵ-ਵਿਆਪੀਕਰਨ 'ਤੇ ਚਰਚਾ ਕੀਤੀ-

1. ਭਾਰਤੀ ਉੱਚ ਸਿੱਖਿਆ ਦੇ ਅੰਤਰ-ਰਾਸ਼ਟਰੀਕਰਨ ਨੂੰ ਪ੍ਰਤੋਸਾਹਿਤ ਕਰਨਾ
2. ਚੁਣੇ ਹੋਏ ਭਾਰਤੀ ਵਿਸ਼ਵਿਦਿਆਲਿਆਂ ਵਿੱਚ ਅੰਤਰ-ਰਾਸ਼ਟਰੀ ਸਿੱਖਿਆ ਕਾਰਜਕ੍ਰਮਾਂ ਦਾ ਪੱਧਰ

ਤਿੰਨ ਕਾਰਜਕਰਤਾ ਸਮੂਹਾਂ ਨੇ ਅਲੱਗ ਤੋਂ ਹੇਠ ਲਿਖੇ 'ਤੇ ਚਰਚਾ ਕੀਤੀ-

1. **ਜੀਵਨ ਦਾ ਤੱਥ-** ਉਚ ਸਿੱਖਿਆ ਦੇ ਅੰਤਰ-ਰਾਸ਼ਟਰੀਕਰਨ ਜੀਵਨ ਦਾ ਤੱਥ ਹੈ।
2. **ਸਿੱਖਿਆ ਵਿਚ ਸੁਧਾਰ-** ਅੰਤਰ-ਰਾਸ਼ਟਰੀਕਰਨ ਨਾਲ ਸਿੱਖਿਆ ਦੇ ਪੱਧਰ ਵਿੱਚ ਸੁਧਾਰ ਹੋਵੇਗਾ।
3. **ਭਾਰਤੀ ਸੰਸਕ੍ਰਿਤੀ ਨੂੰ ਪ੍ਰੋਤਸਾਹਨ-** ਅੰਤਰ-ਰਾਸ਼ਟਰੀਕਰਨ ਵਿਦੇਸ਼ਾਂ ਵਿਚ ਭਾਰਤੀ ਸੰਸਕ੍ਰਿਤੀ ਨੂੰ ਪ੍ਰੋਤਸਾਹਿਤ ਕਰੇਗਾ।
4. **ਸਦਭਾਵਨਾਂ ਅਤੇ ਬੋਧ-** ਅੰਤਰ-ਰਾਸ਼ਟਰੀਕਰਨ ਸਦਭਾਵਨਾ ਅਤੇ ਬੋਧ ਉਤਪੰਨ ਕਰੇਗਾ।
5. **ਵਿੱਤੀ ਲਾਭ-** ਅੰਤਰ-ਰਾਸ਼ਟਰੀਕਰਨ ਵਿੱਤੀ ਲਾਭ ਪ੍ਰਦਾਨ ਕਰੇਗਾ।

6. **ਸਿੱਖਿਆ ਦੀ ਸੰਪੰਨਤਾ–** ਸਾਂਝੇਦਾਰੀ ਅਤੇ ਜਾਲ-ਪ੍ਰਣਾਲੀ (ਨੈੱਟਵਰਕ) ਅਧਿਆਪਨ-ਸਿੱਖਣ ਪ੍ਰਕਿਰਿਆ ਦੀ ਸੰਪੰਨਤਾ ਅਤੇ ਖੋਜ ਦੇ ਬੇਹਤਰ ਪੱਧਰ ਲਈ ਜ਼ਰੂਰੀ ਹੈ।
7. **ਉੱਚ ਸਿੱਖਿਆ ਦੀ ਉੱਨਤੀ ਲਈ ਕਦਮ–** ਸਰਕਾਰ, ਸਿੱਖਿਆ ਸੰਸਥਾਨਾਂ ਅਤੇ ਭਾਰਤੀ ਵਿਸ਼ਵਵਿਦਿਆਲਿਆਂ ਦੇ ਸੰਸਥਾਨਾਂ ਨੂੰ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ ਕਿ ਅੰਤਰ-ਰਾਸ਼ਟਰੀ ਰੂਪ ਤੋਂ ਭਾਰਤੀ ਉੱਚ ਸਿੱਖਿਆ ਨੂੰ ਉੱਨਤ ਬਣਾਉਣ ਲਈ ਲੁੜੀਂਦੇ ਕਦਮ ਚੁੱਕਣ।

**ਗੋਲ ਮੇਜ਼ ਸੰਮੇਲਨ ਦੀਆਂ ਸਿਫਾਰਿਸ਼ਾਂ:**

**1. ਸਰਕਾਰ ਨੂੰ ਸਿਫਾਰਿਸ਼ਾਂ:**

ਸੰਮੇਲਨ ਵਿਚ ਸਰਕਾਰ ਨੂੰ ਸਿਫਾਰਿਸ਼ ਕੀਤੀ ਗਈ ਹੈ ਕਿ ਅੰਤਰ-ਰਾਸ਼ਟਰੀ ਰੂਪ ਤੋਂ ਭਾਰਤੀ ਉੱਚ ਸਿੱਖਿਆ ਦੀ ਉੱਨਤੀ ਲਈ ਹੇਠ ਲਿਖੇ ਕਦਮ ਚੁੱਕੇ ਜਾਣੇ ਚਾਹੀਦੇ ਹਨ-

1. **ਭਾਰਤੀ ਸਿੱਖਿਆ ਨੂੰ ਪ੍ਰੋਤਸਾਹਨ–** ਵਿਦੇਸ਼ਾਂ ਵਿੱਚ ਭਾਰਤੀ ਸਿੱਖਿਆ ਨੂੰ ਉੱਚਾ ਚੁੱਕਣ ਅਤੇ ਪ੍ਰੋਤਸਾਹਿਤ ਕਰਨ ਲਈ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।
2. **ਐਕਟਾਂ ਦੀਆਂ ਸੋਧਾਂ–** ਵਿਦੇਸ਼ਾਂ ਵਿਚ ਵਣਿਜ ਖੋਲ੍ਹਣ ਅਤੇ ਦੂਰੇਡੀ ਵਿਧੀ ਦੁਆਰਾ ਭਾਰਤੀ ਸਿੱਖਿਆ ਦਾ ਨਿਰਯਾਤ ਕਰਨ ਪ੍ਰਤੀ ਵਿਸ਼ਵਵਿਦਿਆਲਾ ਅਨੁਦਾਨ ਅਯੋਗ ਅਧਿਨਿਯਮ, 1956 ਅਤੇ ਦੂਜੇ ਵਿਧਾਨਿਕ ਪਰਿਸ਼ਦਾਂ ਦ ਐਕਟਾਂ ਵਿੱਚ ਸੋਧ ਕੀਤੀ ਜਾਦੀ ਚਾਹੀਦੀ ਹੈ। ਇਹ ਸੰਪ੍ਰਦਾਇਕੀਕਰਨ ਰੋਕਣ ਅਤੇ ਵਿਦੇਸ਼ੀ ਸੰਸਥਾਨਾਂ ਨਾਲ ਸਾਂਝੇਦਾਰੀ ਪ੍ਰੋਤਸਾਹਿਤ ਕਰਨ ਲਈ ਜ਼ਰੂਰੀ ਹੈ।
3. **ਕਨੂੰਨੀ ਰੂਪਰੇਖਾ ਦਾ ਸਰਲੀਕਰਨ–** ਮੌਜੂਦਾ ਕਾਨੂੰਨੀ ਰੂਪਰੇਖਾ, ਪੰਜੀਕਰਨ ਨਾਲ ਸੰਬੰਧਤ ਪ੍ਰਕਿਰਿਆਵਾਂ, ਪ੍ਰਵੇਸ਼ ਪਰੀਖਿਆ ਦੀ ਮੰਗ, "ਇਤਰਾਜ਼ ਨਾ ਹੋਣ ਦੇ ਪ੍ਰਮਾਣ-ਪੱਤਰ' ਜਾਰੀ ਕੀਤੇ ਜਾਣ ਅਤੇ ਅਨੁਮਤੀ-ਪੱਤਰ ਜਾਰੀ ਕੀਤੇ ਜਾਣ ਤੇ ਵਧਾਏ ਜਾਣ ਦੀਆਂ ਪ੍ਰਕਿਰਿਆਵਾਂ ਦੇ ਸਰਲੀਕਰਨ ਕੀਤੇ ਜਾਣ ਦੀ ਜਰੂਰਤ ਹੈ।
4. **ਸਕਿਰਿਆ ਭੂਮਿਕਾ–** ਸਰਕਾਰ ਨੂੰ ਵਿਦੇਸ਼ਾਂ ਵਿਚ ਭਾਰਤੀ ਦੂਤਾਵਾਸਾਂ ਅਤੇ ਹਾਈ ਕਮਿਸ਼ਨ ਨੂੰ ਸਲਾਹ ਦੇਣੀ ਚਾਹੀਦੀ ਹੈ ਕਿ ਉਹ ਭਾਰਤ ਵਿਚ ਉਪਲੱਬਧ ਉੱਚ ਸਿੱਖਿਆ ਵਿੱਚ ਸੁਵਿਧਾਵਾਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਵਿਚ ਸਕਿਰਿਆ ਭੂਮਿਕਾ ਨਿਭਾਉਣ।
5. **ਖੁਦ ਦੀ ਆਰਥਿਕ ਸਹਾਇਤਾ ਲਈ ਉਨਮੁਕਤ ਨੀਤੀ–** ਖੁਦ ਦੀ ਆਰਥਿਕ ਸਹਾਇਤਾ ਕਰਨ ਵਾਲੇ ਵਿਦਿਆਰਥੀਆਂ ਲਈ ਉਨਮੁਕਤ ਨੀਤੀ ਅਪਣਾਏ ਜਾਣ ਦੀ ਜਰੂਰਤ ਹੈ।
6. **ਅੰਕੜੇ ਸਸ਼ਕਤ ਕਰਨਾ–** ਭਾਵੀ ਅੰਤਰ-ਰਾਸ਼ਟਰੀ ਵਿਦਿਆਰਥੀਆਂ ਲਈ ਸੰਬੰਧਿਤ ਜਾਣਕਾਰੀ ਪ੍ਰਾਪਤ ਕਰਨਾ ਸੁਵਿਧਾਜਨਕ ਬਣਾਉਣ ਲਈ ਅੰਕੜੇ ਅਤੇ ਜਾਣਕਾਰੀ ਦਾ ਅਧਾਰ ਸਸ਼ਕਤ ਕਰਨ ਲਈ ਕਦਮ ਉਠਾਏ ਜਾਣੇ ਚਾਹੀਦੇ ਹਨ
7. **ਵਿਸ਼ਵਵਿਦਿਆਲਿਆ ਨੂੰ ਖੁਦਮੁਖਤਿਆਰੀ–** ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਪ੍ਰਕਿਰਿਆ ਅਤੇ ਵਿਦੇਸ਼ਾਂ ਵਿਚ ਪਰਿਸਰਾਂ ਅਤੇ ਕੇਂਦਰਾਂ ਦੀ ਸਥਾਪਨਾ ਵਿੱਚ ਸਰਕਾਰ, ਵਿਧਾਨਿਕ ਸੰਗਠਨਾਂ ਅਤੇ ਵਿਸ਼ਵਵਿਦਿਆਲਾ ਅਨੁਦਾਨ ਆਯੋਗ ਨੂੰ ਵਿਸ਼ਵਿਦਿਆਲਿਆਂ ਨੂੰ ਜ਼ਿਆਦਾ ਖੁਦਮੁਖਤਿਆਰੀ ਅਤੇ ਲਚੀਲਾਪਨ ਪ੍ਰਦਾਨ ਕਰਨਾ ਚਾਹੀਦਾ ਹੈ।
8. **ਪਾਰਗ ਪ੍ਰਣਾਲੀ–** ਅੰਤਰ-ਰਾਸ਼ਟਰੀ ਵਿਦਿਆਰਥੀਆਂ ਲਈ ਪ੍ਰਵੇਸ਼ ਪ੍ਰਕਿਰਿਆ ਸਰਲ ਹੋਣੀ ਚਾਹੀਦੀ ਹੈ ਤਾਂ ਕਿ ਵਿਦੇਸ਼ੀ ਵਿਦਿਆਰਥੀ ਆਕਰਸ਼ਿਤ ਹੋਣ। ਵਿਭਿੰਨ

ਵਿਵਸਾਇਕ ਕਾਰਜਕ੍ਰਮਾਂ ਵਿਚ ਵਿਦਿਆਰਥੀਆਂ ਨੂੰ ਦਾਖਲਾ ਦੇਣ ਲਈ ਸਰਕਾਰ ਨੂੰ ਕਾਰਜ ਬਲ ਦੇ ਰੂਪ ਵਿਚ ਇਕ ਖਿੜਕੀ ਵਾਲੀ ਪਾਰਗ ਪ੍ਰਣਾਲੀ ਦੀ ਸਥਾਪਨਾ ਕਰਨੀ ਚਾਹੀਦੀ ਹੈ।

9. **ਅੰਤਰ-ਰਾਸ਼ਟਰੀ ਸਿੱਖਿਆ ਵਿਕਾਸ ਬੈਂਕ-** ਸਰਕਾਰ ਨੂੰ ਅੰਤਰ-ਰਾਸ਼ਟਰੀ ਸਿੱਖਿਆ ਲਈ ਵਿੱਤੀ ਪ੍ਰਨਾਲੀ ਦੀ ਸਥਾਪਨਾ 'ਤੇ ਵਿਚਾਰ ਕਰਨਾ ਚਾਹੀਦਾ ਹੈ ਜਿਵੇਂ ਕਿ ਅੰਤਰ-ਰਾਸ਼ਟਰੀ ਸਿੱਖਿਆ ਵਿਕਾਸ ਬੈਂਕ।
10. **ਸਿੱਖਿਆ ਦੇ ਪੱਧਰ ਲਈ ਪ੍ਰਣਾਲੀ-** ਵਿਦੇਸ਼ੀ ਵਿਸ਼ਵਿਦਿਆਲਿਆਂ ਦੁਆਰਾ ਜੋ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਉਸਦੇ ਪੱਧਰ ਦੀ ਨਿਗਰਾਨੀ ਕਰਨ ਲਈ ਸਰਕਾਰ ਨੂੰ ਇਕ ਪ੍ਰਣਾਲੀ ਦੀ ਸਥਾਪਨਾ ਕਰਨੀ ਚਾਹੀਦੀ ਹੈ।

**2. ਸਿੱਖਿਆ ਸੰਸਥਾਨਾਂ ਨੂੰ ਸਿਫਾਰਿਸ਼ਾਂ:**

ਸੰਮੇਲਨ ਵਿੱਚ ਸਿੱਖਿਆ ਸੰਸਥਾਨਾਂ ਨੂੰ ਹੇਠ ਲਿਖੀਆਂ ਸਿਫਾਰਿਸ਼ਾਂ ਕੀਤੀਆਂ ਗਈਆਂ-

1. **ਚੰਗੀ ਮੁੱਢਲੀ ਸੰਰਚਨਾ-** ਵਿਦੇਸ਼ੀ ਵਿਦਿਆਰਥੀਆਂ ਦਾ ਦਾਖਲਾ ਲੈਣ ਵਾਲੇ ਵਿਸ਼ਵਵਿਦਿਆਲਿਆ ਅਤੇ ਦੂਜੇ ਸਿੱਖਿਆ ਸੰਸਥਾਨਾਂ ਕੋਲ ਚੰਗੀ ਮੁੱਢਲੀ ਸੰਰਚਨਾ ਅਤੇ ਹੋਰ ਭੌਤਿਕ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ।
2. **ਅਧਿਅਨ ਦਾ ਵਿਸ਼ਿਸ਼ਟ ਖੇਤਰ-** ਸਿੱਖਿਆ ਸੰਸਥਾਵਨਾਂ ਨੂੰ ਅਧਿਅਨ ਦਾ ਵਿਸ਼ਿਸ਼ਟ ਖੇਤਰ ਵਿਕਸਿਤ ਕਰਨਾ ਚਾਹੀਦਾ ਹੈ ਜੋ ਵਿਦੇਸ਼ੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰੇਗਾ।
3. **ਸਰਲੀਕ੍ਰਿਤ ਦਾਖਲਾ-** ਅੰਤਰ-ਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲਾ ਪ੍ਰਦਾਨ ਕਰਨ ਦੀ ਪ੍ਰਕਿਰਿਆ ਸਰਲ ਹੋਣੀ ਚਾਹੀਦੀ ਹੈ। ਇਹ ਇੱਕ ਖਿੜਕੀ ਦੇ ਸੰਚਾਲਨ ਦੁਆਰਾ ਕੀਤਾ ਜਾ ਸਕਦਾ ਹੈ।
4. **ਦ੍ਰਿੜ੍ਹ ਸਮਾਜਿਕ ਸੰਰਚਨਾ-** ਸਮਾਜਿਕ ਸੰਰਚਨਾ ਦ੍ਰਿੜ੍ਹ ਬਣਾਈ ਜਾਣੀ ਚਾਹੀਦੀ ਹੈ ਤਾਂਕਿ ਅੰਤਰ-ਰਾਸ਼ਟਰੀ ਵਿਦਿਆਰਥੀ ਸੁਵਿਧਾ ਮਹਿਸੂਸ ਕਰਨ।
5. **ਵਿਦੇਸ਼ੀ ਵਿਸ਼ਵਵਿਦਿਆਲਿਆਂ ਨਾਲ ਨੈੱਟਵਰਕ (ਜਾਲ-ਪ੍ਰਨਾਲੀ)-** ਭਾਰਤੀ ਵਿਸ਼ਵਵਿਦਿਆਲਿਆਂ ਨੂੰ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਵਿਦੇਸ਼ੀ ਵਿਸ਼ਵਵਿਦਿਆਲਿਆਂ ਨਾਲ ਨੈੱਟਵਰਕ ਵਿਕਸਿਤ ਕਰਨੇ ਚਾਹੀਦੇ ਹਨ। ਅੰਤਰ-ਰਾਸ਼ਟਰੀ ਸਿੱਖਿਆ ਕਾਰਜਕ੍ਰਮਾਂ ਦੇ ਵਿਕਾਸ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ ਅਤੇ ਵਿਭਾਗ ਨੂੰ ਉਨ੍ਹਾਂ ਦੀ ਸਿੱਖਿਆ ਸਮੱਗਰੀ ਦੇ ਸੁਧਾਰ ਵਿਚ ਹਿੱਸਾ ਲੈਣ ਲਈ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ।
6. **ਵਿੱਦਿਅਕ ਸੰਰਚਨਾ-** ਨਿਮਨਲਿਖਿਤ ਸੰਬੰਧੀ ਵਿਸ਼ਵਵਿਦਿਆਲਿਆਂ ਵਿਚ ਸਿੱਖਿਆ ਸੰਰਚਨਾ ਦਾ ਨਿਰਮਾਣ ਕਰਨ ਦੀ ਜ਼ਰੂਰਤ ਹੈ। (1) ਕੋਰਸਾਂ ਦੀ ਚੋਣ, (2) ਸਮੈਸਟਰ ਪ੍ਰਨਾਲੀ (3) ਨਿਰੰਤਰ ਅੰਦਰੂਨੀ ਮੁੱਲਕਾਣ ਅਤੇ (4) ਕ੍ਰੈਡਿਟ ਪ੍ਰਨਾਲੀ ਆਦਿ।
7. **ਪਾਠਕ੍ਰਮ ਦਾ ਅੰਤਰ-ਰਾਸ਼ਟਰੀਕਰਨ-** ਪਾਠਕ੍ਰਮ ਨਵੀਨਤਮ ਕੀਤੇ ਜਾਣ ਅਤੇ ਉਸਦੇ ਅੰਤਰ-ਰਾਸ਼ਟਰੀਕਰਨ ਨੂੰ ਸਰਬ-ਉੱਚ ਪਹਿਲ ਦਿੱਤੀ ਜਾਣੀ ਚਾਹੀਦੀ ਹੈ।
8. **ਭਾਸ਼ਾ ਸਿੱਖਣ-** ਵਿਸ਼ੇਸ਼ ਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਅਤੇ ਅੰਗਰੇਜ਼ੀ ਭਾਸ਼ਾ ਦੀ ਪ੍ਰਵੀਨਤਾ ਵਿਚ ਕਮੀ ਵਾਲੇ ਵਿਦਿਆਰਥੀਆਂ ਨੂੰ ਭਾਸ਼ਾ ਸਿੱਖਣ ਵਿਚ ਵਿਸ਼ੇਸ਼ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ।
9. **ਵਿਸ਼ੇਸ਼ "ਭਾਰਤ ਦਾ ਅਧਿਐਨ ਕਰੋ" ਕਾਰਜਕ੍ਰਮ-** ਭਾਰਤੀ ਵਿਸ਼ਵਿਦਿਆਲਿਆਂ ਨੂੰ ਵਿਸ਼ੇਸ਼ "ਭਾਰਤ ਦਾ ਅਧਿਐਲ ਕਰੋ" ਕਾ ਰਜਕ੍ਰਮ ਵਿਕਸਿਤ ਕਰਨੇ ਚਾਹੀਦੇ ਹਨ

ਜਿਨ੍ਹਾਂ ਨੂੰ ਵਿਕਸਿਤ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਲਈ ਇੱਕ ਸਮੈਸਟਰ ਵਿਚ ਪੂਰਾ ਕੀਤਾ ਜਾ ਸਕੇ। ਇਹ ਵਿਦਿਆਰਥੀਆਂ ਨੂੰ ਸੰਸਕ੍ਰਿਤਿਕ ਵਿਰਾਸਤ, ਪ੍ਰਕ੍ਰਿਤਿਕ ਸੰਸਾਧਨਾਂ, ਵਿਵਿਧਤਾ, ਭਾਸ਼ਾਵਾਂ ਜਾਂ ਦੇਸੀ ਤਕਨੀਕੀਆਂ ਅਤੇ ਪ੍ਰਨਾਲੀਆਂ ਬਾਰੇ ਜਾਣਨ ਵਿਚ ਸਹਾਇਤਾ ਕਰੇਗਾ।

**2.4.7 ਵਿਸ਼ਵੀਕਰਨ ਨਾਲ ਸੰਬੰਧਿਤ ਉੱਚ ਸਿੱਖਿਆ ਦੇ ਉਦੇਸ਼:**

1. ਮਾਨਵ ਮੁੱਲਾਂ, ਵਿਸ਼ਵ ਸੰਸਕ੍ਰਿਤੀ ਅਤੇ ਸਮਾਜ ਨੂੰ ਵਿਕਸਿਤ ਕਰਨਾ।
2. ਉੱਚ ਸਿੱਖਿਆ ਦੇ ਮਾਧਿਅਮ ਨਾਲ ਅੰਤਰ-ਰਾਸ਼ਟਰੀ ਬੋਧ ਅਤੇ ਪਰਿਪੇਖ ਵਿਕਸਿਤ ਕਰਨਾ।
3. ਵਿਦਿਆਰਥੀਆਂ ਨੂੰ ਗਿਆਨ ਦੇ ਨਵੀਨਤਮ ਅਤੇ ਨਵੇਂ ਖੇਤਰਾਂ ਤੋਂ ਜਾਣੂ ਕਰਾਉਣ ਲਈ ਵਿਸ਼ਵ ਨਾਗਰਿਕਤਾ ਦੀਆਂ ਭਾਵਨਾਵਾਂ ਵਿਕਸਿਤ ਕਰਨਾ।
4. ਉੱਚ ਸਿੱਖਿਆ ਵਿਚ ਸਿੱਖਣ ਪ੍ਰਦਾਨ ਕਰਨ ਲਈ ਨਵੀਆਂ ਵਿਧੀਆਂ ਆਰੰਭ ਕਰਨਾ।
5. ਉੱਚ ਸਿੱਖਿਆ ਪ੍ਰਦਾਨ ਕਰਨ ਅਤੇ ਨਵੀਆਂ ਸ਼ਾਖਾਵਾਂ ਉਤਪੰਨ ਕਰਨ ਲਈ ਅਧਿਆਪਨ ਦੀਆਂ ਨਵੀਆਂ ਨੀਤੀਆਂ ਅਤੇ ਤਕਨੀਕਾਂ ਵਿਕਸਿਤ ਕਰਨਾ ਅਤੇ ਉਨ੍ਹਾਂ ਦਾ ਪ੍ਰਯੋਗ ਕਰਨਾ।
6. ਸਿੱਖਿਆ ਪ੍ਰਾਪਤੀ ਲਈ ਅਨੁਸ਼ਾਸਨ ਕਾਇਮ ਰੱਖਣ ਦੇ ਸੰਬੰਧ ਵਿਚ ਨਵੀਆਂ ਅਭਿਵ੍ਰਿਤੀਆਂ ਦੀ ਖੋਜ ਕਰਨਾ।
7. ਵਿਸ਼ਵ ਪੱਧਰ 'ਤੇ ਸਾਰੇ ਦੇਸ਼ਾਂ ਦੇ ਵਿਗਿਆਨ, ਤਕਨੀਕੀ ਅਤੇ ਆਰਥਿਕ ਵਿਕਾਸ ਦਾ ਅਦਾਨ-ਪ੍ਰਦਾਨ ਕਰਨਾ ਅਤੇ ਦੂਜਿਆਂ ਦੇ ਅਨੁਭਵਾਂ ਤੋਂ ਲਾਭ ਉਠਾਉਣਾ।

**ਵਿਸ਼ਵੀਕਰਨ ਅਤੇ ਉੱਚ ਸਿੱਖਿਆ ਦਾ ਪਾਠਕ੍ਰਮ:**

ਗਿਆਨ ਦੇ ਵਿਸਫੋਟ 'ਤੇ ਵਿਚਾਰ ਕਰਦੇ ਹੋਏ ਨਵੇਂ ਉੱਭਰਦੇ ਖੇਤਰਾਂ ਨਾਲ ਸੰਬੰਧਿਤ ਕੋਰਸਾਂ ਨੂੰ ਉਪਸਨਾਤਕ ਅਤੇ ਸਨਾਤਕੋਤਰ ਪੱਧਰਾਂ 'ਤੇ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਹੇਠ ਲਿਖੇ ਕੋਰਸਾਂ ਦੀ ਸਿੱਖਿਆ ਸੁਤੰਤਰ ਰੂਪ ਤੋਂ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

1. ਪੁਲਾੜ ਤਕਨੀਕੀਆਂ
2. ਜੀਵਨ ਵਿਗਿਆਨਾਂ 'ਤੇ ਅਧਾਰਿਤ ਤਕਨੀਕੀਆਂ
3. ਵਾਤਾਵਰਨ ਦੀ ਦ੍ਰਿਸ਼ਟੀ ਤੋਂ ਉਪਯੁਕਤ ਤਕਨੀਕੀਆਂ
4. ਨਵੀਆਂ ਸਮੱਗਰੀਆਂ ਅਤੇ ਉਪਕਰਨਾਂ ਦੀਆਂ ਤਕਨੀਕੀਆਂ
5. ਕੰਮ ਕਰਨ ਯੋਗ ਤਕਨੀਕਾਂ ਅਤੇ ਉਪਕਰਨ
6. ਸੂਖਮ-ਇਲੈੱਕਟ੍ਰਾਲਿਕਸ ਅਤੇ ਆਪਟੇ-ਇਲੈੱਕਟ੍ਰਾਨਿਕਸ
7. ਸਿਹਤ ਅਤੇ ਮੈਡੀਸਨ
8. ਪ੍ਰਬੰਧਨ ਪ੍ਰਣਾਲੀਆਂ
9. ਸਮਾਜਿਕ ਅਤੇ ਸੰਸਕ੍ਰਿਤਿਕ ਅਧਿਅਨ
10. ਨੈੱਟਵਰਕ ਅਤੇ ਸੰਚਾਰ

ਵਿਆਪਕ ਪਾਠਕ੍ਰਮ ਤੋਂ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਸਮਾਜਿਕ, ਸੰਸਕ੍ਰਿਤਿਕ ਅਤੇ ਵਿੱਦਿਅਕ ਵਾਤਾਵਰਨ ਦਾ ਸੁਅਸਥ ਸਕਾਰਾਤਮਿਕ ਵਿਕਾਸ ਹੁੰਦਾ ਹੈ। ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਕੋਰਸਾਂ ਦੀ ਰਚਨਾ ਕਰਦੇ ਸਮੇਂ ਵਿਦਵਾਨਾਂ ਅਤੇ ਮਾਹਿਰਾਂ ਵੱਲੋਂ ਡੂੰਘਾ ਅਧਿਅਨ, ਵਿਸ਼ਾਲ ਅਨੁਭਵ, ਨਿਪੁੰਨਤਾ, ਕੌਸ਼ਲ ਅਤੇ ਵਿਸ਼ਿਸ਼ਟੀਕਰਨ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਪਾਠਕ੍ਰਮ ਨਾਲ ਸੰਬੰਧਿਤ ਕੋਰਸਾਂ ਦੇ ਸੂਤਰੀਕਰਨ ਲਈ ਵਿਸ਼ਵ ਪ੍ਰਸਿੱਧ ਮਾਹਿਰਾਂ ਦੀਆਂ ਸੇਵਾਵਾਂ ਦੀ ਜ਼ਰੂਰਤ ਹੁੰਦੀ ਹੈ।

### 2.4.8 ਅਧਿਆਪਨ-ਵਿਧੀਆਂ-ਉੱਚ ਸਿੱਖਿਆ ਅਤੇ ਵਿਸ਼ਵੀਕਰਨ

ਅਸੀਂ ਆਧੁਨਿਕੀਕਰਨ, ਵਿਸ਼ਵੀਕਰਨ, ਵਿਗਿਆਨ, ਤਕਨੀਕੀ, ਕੰਪਿਊਟਰ ਅਤੇ ਇੰਟਰਨੈੱਟ ਦੇ ਯੁੱਗ ਵਿਚ ਰਹਿ ਰਹੇ ਹਾਂ। ਵਿਸ਼ਵ ਪੱਧਰ ਤੇ ਜਿਹੜੇ ਕੋਰਸ ਪੜ੍ਹਾਏ ਜਾਂਦੇ ਹਨ, ਉਨ੍ਹਾਂ ਦੀ ਖੋਜ ਅਤੇ ਪ੍ਰਯੋਗ 'ਤੇ ਅਧਾਰਿਤ ਆਧੁਨਿਕ ਵਿਧੀਆਂ ਹੋਣੀਆਂ ਚਾਹੀਦੀਆਂ ਹਨ। ਹੇਠ ਲਿਖਿਆਂ ਦਾ ਵੱਧ ਤੋਂ ਵੱਧ ਪ੍ਰਯੋਗ ਕੀਤਾ ਜਾਣਾ ਚਾਹੀਦਾ ਹੈ-

1. ਕੰਪਿਊਟਰ ਪ੍ਰਨਾਲੀ ਵਿਚ ਪਰਿਵਰਤਿਤ ਕੀਤੇ ਗਏ ਅਨੁਦੇਸ਼ ਅਤੇ ਇੰਟਰਨੈੱਟ
2. ਪ੍ਰਦਰਸ਼ਨ ਅਤੇ ਪ੍ਰਯੋਗਾਤਮਿਕ ਵਿਧੀ
3. ਟਿਊਟੋਰੀਅਲ ਵਿਧੀ
4. ਸੈਮੀਨਾਰ ਵਿਧੀ
5. ਹਿਊਰਿਸਟਿਕ ਵਿਧੀ
6. 'ਆਪ ਕਰੋ' ਵਿਧੀ ਚਾਹੇ ਇਹ ਸੀ. ਡੀ. ਦੁਆਰਾ ਹੋਵੇ ਜਾਂ ਵੈੱਬਸਾਈਟਾਂ ਦੁਆਰਾ ਜ਼ਿਆਦਾ ਪ੍ਰਚਲਿਤ ਹੋ ਰਿਹਾ ਹੈ।

ਸਿੱਖਿਆ ਸੰਬੰਧੀ ਸੀ. ਡੀ. ਅਤੇ ਵੈੱਬਸਾਈਟਾਂ ਬਹੁਤ ਪ੍ਰਚਲਿਤ ਹੋ ਗਈਆਂ ਹਨ। ਸਿਖਲਾਈ ਦੁਆਰਾ ਅਧਿਆਪਨ ਵਿਧੀਆਂ ਵਿੱਚ ਤੇਜ਼ੀ ਨਾਲ ਪਰਿਵਰਤਨ ਹੋਣਾ ਚਾਹੀਦਾ ਹੈ। ਕੰਪਿਊਟਰ ਅਤੇ ਵੈੱਬ ਅਧਾਰਿਤ ਅਧਿਆਪਨ ਵਿਧੀਆਂ ਦਾ ਉਚਿਤ ਪ੍ਰਯੋਗ ਹੋਣਾ ਚਾਹੀਦਾ ਹੈ।

### 2.4.9 ਉੱਚ ਸਿੱਖਿਆ ਅਤੇ ਵਿਸ਼ਵੀਕਰਨ ਵਿੱਚ ਅਧਿਆਪਕ ਦੀ ਭੂਮਿਕਾ

ਉੱਚ ਸਿੱਖਿਆ ਅਤੇ ਵਿਸ਼ਵੀਕਰਨ ਵਿੱਚ ਅਧਿਆਪਕ ਦੀ ਭੂਮਿਕਾ ਦਾ ਹੇਠ ਲਿਖੇ ਰੂਪ ਵਿਚ ਸਾਰਾਂਸ਼ ਦਿੱਤਾ ਜਾ ਸਕਦਾ ਹੈ-

1. **ਵਿਭਿੰਨ ਭੂਮਿਕਾਵਾਂ-** ਵਿਸ਼ਵੀਕਰਨ ਲਈ ਸਿੱਖਿਆ ਵਿੱਚ ਅਧਿਆਪਕ ਨੂੰ ਜਮਾਤ ਵਿੱਚ ਵਿਭਿੰਨ ਭੂਮਿਕਾਵਾਂ ਨਿਭਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ। (1) ਸਿੱਖਿਅਕ, (2) ਅਭਿਪ੍ਰੇਰਕ, (3) ਨਿਰਦੇਸ਼ਕ, (4) ਸਲਾਕਾਰ, (5)ਕੋਚ, (6) ਆਤਮਸਾਤਕ, (7) ਉਤਪਾਦਕ, (8) ਸਹਾਇਕ ਅਤੇ (9) ਗਿਆਨ ਸੰਪ੍ਰੇਖਕ।
2. **ਪ੍ਰਤੀਬੱਧ ਅਧਿਆਪਕ-** ਅਧਿਆਪਕਾਂ ਵਿੱਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ। (1) ਵ੍ਰਿਤਿਕ ਪ੍ਰਤੀਬੱਧਤਾ, (2) ਸਿਖਿਆਰਥੀ ਪ੍ਰਤੀ ਪ੍ਰਤੀਬੱਧਤਾ, (3) ਸਮਾਜ ਪ੍ਰਤੀ ਪ੍ਰਤੀਬੱਧਤਾ, (4) ਮੁੱਢਲੇ ਮਾਨਵ ਮੁੱਲਾਂ ਪ੍ਰਤੀ ਪ੍ਰਤੀਬੱਧਤਾ, (5) ਸ੍ਰੇਸ਼ਠਤਾ ਪ੍ਰਾਪਤ ਕਰਨ ਪ੍ਰਤੀ ਪ੍ਰਤੀਬੱਧਤਾ। ਉਸਨੂੰ ਆਪਣੇ ਆਪ ਨੂੰ ਚੰਗਾ ਅਧਿਆਪਕ ਸਾਬਿਤ ਕਰਨ ਲਈ ਸਮਾਜ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਲਈ ਪ੍ਰਭਾਵਸ਼ਾਲੀ ਰੂਪ ਤੋਂ ਕਾਰਜ ਕਰਨ ਲਈ ਆਧੁਲਿਕ ਯੋਗਤਾਵਾਂ ਨਾਲ ਲੈਸ ਹੋਣਾ ਚਾਹੀਦਾ ਹੈ। ਉਸਨੂੰ ਆਪਣੇ ਕਰਤੱਵਾਂ ਪ੍ਰਤੀ ਸਮਰਪਿਤ ਹੋਣਾ ਚਾਹੀਦਾ ਹੈ।
3. **ਨਿਰੰਤਰ ਸਿਖਿਆਰਥੀ-** ਉਸਨੂੰ ਖੁਦ ਨੂੰ ਲਗਾਤਾਰ ਸਿੱਖਿਅਤ ਕਰਦੇ ਰਹਿਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਆਪਣੀ ਪੂਰਨ ਸਮਰੱਥਾ ਤੱਕ ਪਹੁੰਚਣ ਵਿਚ ਪ੍ਰੋਤਸਾਹਿਤ ਕਰਨ ਲਈ ਉਸਨੂੰ ਸਿੱਖਿਆ ਵਿਚ ਨਵੀ ਪ੍ਰਗਤੀ, ਨਵੀਆਂ ਤਕਨੀਕਾਂ ਅਤੇ ਵਿਧੀਆਂ ਬਾਰੇ ਸਿੱਖਦੇ ਰਹਿਣਾ ਚਾਹੀਦਾ ਹੈ।
4. **ਯੋਗ ਅਤੇ ਕੁਸ਼ਲ-** ਉਸਨੂੰ ਯੋਗ ਅਤੇ ਕੁਸ਼ਲ ਹੋਣਾ ਚਾਹੀਦਾ ਹੈ ਕਿਉਂਕਿ ਉਹ ਜਿਆਦਾ ਛੋਟੇ ਯੰਤਰ ਉਤਪੰਨ ਕਰਨ ਵਾਲਾ ਵੱਡਾ ਯੰਤਰ ਹੈ। ਸੂਚਨਾ ਦੀਆਂ ਨਵੀਆਂ ਤਕਨੀਕੀਆਂ ਤੇ ਜ਼ਿਆਦਾ ਨਿਰਭਰ ਕਰਦਾ ਹੋਇਆ ਅਧਿਆਪਕ ਵਿਸ਼ਵੀਕਰਨ ਸੰਬੰਧੀ ਨਵੇਂ ਕੋਸ਼ਲਾਂ ਲਈ ਵਾਧੂ ਮੰਗਾਂ ਉਤਪੰਨ ਕਰਦਾ ਹੈ। ਅਧਿਆਪਕ ਸਿਖਲਾਈ ਦੋ ਪ੍ਰਕਾਰ ਦੇ ਕੌਸ਼ਲਾਂ ਨਾਲ ਪੂਰੀ ਕੀਤੀ ਜਾਣ ਦੀ ਜ਼ਰੂਰਤ ਹੈ।

i. **ਗਿਆਨ-ਕੇਂਦਰਿਤ**- ਇਨਾਂ ਨਵੇਂ NITs ਨੂੰ ਸਮਝਣ ਲਈ ਉਨ੍ਹਾਂ ਦੀ ਤਕਨੀਕੀ ਕਾਰਜ ਪ੍ਰਣਾਲੀ ਅਤੇ ਉਨਾਂ ਦੇ ਪ੍ਰਯੋਗ ਕੀਤੀਆਂ ਗਈਆਂ ਸੰਚਾਰ ਪ੍ਰਕਿਰਿਆਵਾਂ ਨਾਲ ਸੰਬੰਧਿਤ ਕੇਂਦਰਿਤ ਗਿਆਨ ਦੀ ਜ਼ਰੂਰਤ ਹੁੰਦੀ ਹੈ।

ii. **ਜਾਣਕਾਰੀ ਦਾ ਰੂਪਾਂਤਰ-** NITs ਵਿਸ਼ਾਲ ਪਰਿਮਾਣ ਵਿਚ ਜਾਣਕਾਰੀ ਪ੍ਰਦਾਨ ਕਰਦੇ ਹਨ। ਇਸ ਜਾਣਕਾਰੀ ਦਾ ਸੰਬੰਧ ਗਿਆਨ ਵਿਚ ਰਪੂਤਰ ਕੀਤਾ ਜਾਣਾ ਚਾਹੀਦਾ ਹੈ। ਅਧਿਆਪਕ ਨੂੰ ਪ੍ਰਯੋਗ, ਨਿਰੀਖਣ, ਆਧੁਨਿਕੀਕਰਨ ਅਤੇ ਪਰਵੇਖਣ ਦੀਆਂ ਨਵੀਆਂ ਤਕਨੀਕਾਂ ਅਪਣਾਉਣ ਵਿਚ ਵਿਸ਼ਿਸ਼ਟਤਾ ਪ੍ਰਾਪਤ ਹੋਣੀ ਚਾਹੀਦੀ ਹੈ।

5. **ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦ੍ਰਿਸ਼ਟੀਕੋਣ-** ਅਧਿਆਪਕ ਦਾ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦ੍ਰਿਸ਼ਟੀਕੋਣ ਹੋਣਾ ਚਾਹੀਦਾ ਹੈ। ਉਸਨੂੰ ਵਿਦਿਆਰਥੀਆਂ ਵਿਚ ਅੰਤਰ-ਰਾਸ਼ਟਰੀ ਬੋਧ ਵਿਕਸਿਤ ਕਰਨ ਦਾ ਜਤਨ ਕਰਨਾ ਚਾਹੀਦਾ ਹੈ। ਉਸਨੂੰ ਹਿੰਸਾ ਅਤੇ ਵਿਨਾਸ਼ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਵਿਦਿਆਰਥੀਆਂ ਵਿਚ ਸਕਾਰਾਤਮਿਕ, ਯਥਾਰਥਵਾਦੀ ਤੇ ਮਾਨਵ ਕਲਿਆਣ ਸੰਬੰਧੀ ਦ੍ਰਿਸ਼ਟੀਕੋਣ ਵਿਕਸਿਤ ਕਰਨਾ ਚਾਹੀਦਾ ਹੈ। ਉਸਨੂੰ ਵਿਦਿਆਰਥੀਆਂ ਵਿਚ ਵਿਸ਼ਵ ਨਾਗਰਿਕਤਾ ਦੀ ਭਾਵਨਾ ਵਿਕਸਿਤ ਕਰਨ ਵਿਚ ਸਮਰੱਥ ਹੋਣਾ ਚਾਹੀਦਾ ਹੈ। ਉਸਦਾ ਦ੍ਰਿਸ਼ਟੀਕੋਣ ਉਦਾਰਵਾਦੀ ਹੋਣਾ ਚਾਹੀਦਾ ਹੈ। ਉਹ ਇਸ ਯੋਗ ਹੋਵੇ ਕਿ ਵਿਦਿਆਰਥੀਆਂ ਵਿਚ ਵਿਸ਼ਵ ਨਾਗਰਿਕਤਾ ਦੀ ਭਾਵਨਾ ਦਾ ਵਿਕਾਸ ਕਰ ਸਕੇ। ਉਸਦਾ ਦ੍ਰਿਸ਼ਟੀਕੋਣ ਏਕੀਕ੍ਰਿਤ ਹੋਣਾ ਚਾਹੀਦਾ ਹੈ।

ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਧਿਆਪਕ ਆਪਣੀਆਂ ਵਿਵਿਧ ਭੂਮਿਕਾਵਾਂ ਅਤੇ ਕਿਰਿਆਵਾਂ ਦੁਆਰਾ ਸ਼ਕਤੀਸ਼ਾਲੀ ਢੰਗ ਨਾਲ ਆਧੁਨਿਕੀਕਰਨ ਅਤੇ ਵਿਸ਼ਵੀਕਰਨ ਦੀ ਪ੍ਰਕਿਰਿਆ ਦੀ ਗਤੀ ਤੇਜ਼ ਕਰ ਸਕਦਾ ਹੈ।

### 2.4.10 ਵਿਸ਼ਵੀਕਰਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਸਿੱਖਿਆ ਦੀ ਭੂਮਿਕਾ

1. **ਵਿਅਕਤੀਆਂ ਲਈ ਜ਼ਿਆਦਾ ਖੁਦਮੁਖਤਾਰੀ-** ਗਿਆਨ ਦੇ ਸਮਾਜ ਵਿਚ ਵਿਅਕਤੀਆਂ ਲਈ ਸਿੱਖਿਆ ਦੁਆਰਾ ਜ਼ਿਆਦਾ ਖੁਦਮੁਖਤਾਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਸਮਾਜ ਦਾ ਲੱਕਸ਼ ਹੋਣਾ ਚਾਹੀਦਾ ਹੈ ਕਿ ਹਰੇਕ ਵਿਅਕਤੀ ਨੂੰ ਸੁਤੰਤਰ ਰੂਪ ਤੋਂ ਵਿਕਸਿਤ ਹੋਣ ਦੇਵੇ। ਨਿਰੰਤਰ ਪਰਿਵਰਤਨ ਵਾਲੇ ਸਮਾਜ ਵਿਚ ਜੋ ਅਸਕਾਈ ਮੁੱਲ ਉਤਪੰਨ ਕਰਦਾ ਹੈ, ਵਿਅਕਤੀ ਨੂੰ ਆਪਣੇ ਸੰਦਰਭ ਦੇ ਵਿਸ਼ੇ ਖੁਦ ਲੱਭਣੇ ਪੈਣਗੇ। ਸਕੂਲ ਦੁਆਰਾ ਵਿਦਿਆਰਥੀਆਂ ਨੂੰ ਸੰਬੰਧਿਤ ਗਿਆਨ ਪ੍ਰਾਪਤ ਕਰਨ ਅਤੇ ਨਵੇਂ ਮੁੱਲਾਂ ਦੀ ਵਿਆਖਿਆ ਕਰਨ ਦੀ ਸਮਰੱਥਾ ਦਿੱਤੀ ਜਾਣੀ ਚਾਹੀਦੀ ਹੈ ਜੋ ਬਦਲੇ ਵਿਚ ਉਨ੍ਹਾਂ ਦੇ ਵਾਤਾਵਰਨ ਦੇ ਵਿਕਾਸ ਨਾਲ ਨਵੀਨਤਮ ਰਹਿਣ ਦੀ ਯੋਗਤਾ ਨਿਸ਼ਚਿਤ ਕਰੇਗੀ।

2. **ਸਮਾਜਿਕ ਸੰਪਰਕ ਦਾ ਪੁਨਰ-ਨਿਰਮਾਣ-** ਸਿੱਖਿਆ ਦੇ ਮਾਧਿਅਮ ਨਾਲ ਹੀ (ਸਕੂਲ ਅਤੇ ਅੰਸ਼-ਉਪਚਾਰਿਕ ਵਾਤਾਵਰਨ ਵਿਚ) ਹੇਠ ਲਿਖੇ ਦੁਆਰਾ ਮਿਲ ਕੇ ਰਹਿਣ ਦੀ ਇੱਛਾ ਅਤੇ ਲਾਭਾਂ ਨੂੰ ਸਿੱਖਿਆ ਜਾ ਸਕਦਾ ਹੈ-
   1. ਸਮੂਹਾਂ ਵਿਚ ਕੰਮ ਕਰਨਾ ਸਿੱਖਣ ਅਤੇ ਨਿੱਜੀ ਯੋਗਤਾਵਾਂ ਦਾ ਵਿਕਾਸ
   2. ਦੂਜਿਆਂ ਦੀਆਂ ਗੱਲਾਂ ਸੁਣਨਾ ਅਤੇ ਆਪਣੇ ਆਲੇ-ਦੁਆਲੇ ਦੀਆਂ ਘਟਨਾਵਾਂ ’ਤੇ ਧਿਆਨ ਦੇਣਾ ਸਿੱਖਣਾ।
   3. ਰਾਸ਼ਟਰੀ ਜਾਂ ਵਿਸ਼ਵਵਿਆਪੀ ਪੱਧਰ ’ਤੇ ਆਪਣੇ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਵਾਤਾਵਰਨ ਨੂੰ ਸਮਝਣਾ।

ਵਿਸ਼ਵਵਿਆਪੀ ਮੁੱਲਾਂ ਦੇ ਸਿੱਖਣ ਦੁਆਰਾ ਜਿਵੇਂ ਕਿ ਦੂਜਿਆਂ ਅਤੇ ਆਪਣੇ ਵਾਤਾਵਰਨ ਲਈ ਸਨਮਾਨ, ਸਹਿਨਸ਼ੀਲਤਾ ਅਤੇ ਮਾਨਵ ਅਧਿਕਾਰ, ਸੰਸਕ੍ਰਿਤੀ ਦੀ ਵਿਵਿਧਤਾ ਅਤੇ ਸਮਾਜ ਨਾਲ ਸੰਬੰਧਿਤ ਵਿਸ਼ਿਆਂ 'ਤੇ ਵਿਅਕਤੀ ਦੀ ਅਖੰਡਤਾ ਵਿਚਕਾਰ ਸਹੀ ਸੰਤੁਲਨ ਦੀ ਖੋਜ ਕਰਕੇ ਇਕੋ ਸਮਾਜ ਦੇ ਹਿਰਦੇ ਵਿਚ ਅਤੇ ਇਕੋ ਵਿਸ਼ਵ ਗ੍ਰਾਮ ਵਿਚ ਮਿਲ ਕੇ ਰਹਿਣ ਦੀ ਇੱਛਾ ਲਈ ਸਿੱਖਿਆ ਨੂੰ ਤੇਜ਼ੀ ਪ੍ਰਦਾਨ ਕਰਨ ਵਾਲਾ ਸਾਧਨ ਹੋਣਾ ਚਾਹੀਦਾ ਹੈ।

3. **ਨਾਗਰਿਕਾਂ ਦਾ ਸਮਾਜ–** ਸਵੈ-ਸ਼ਾਸਿਤ, ਉਤਪਾਦਕ, ਹਿੱਸਾ ਲੈਣ ਵਾਲੇ ਅਤੇ ਪ੍ਰਤੀਬੱਧ ਨਾਗਰਿਕਾਂ ਦੇ ਸਮਾਜ ਦਾ ਨਿਰਮਾਣ ਕਰਨ ਲਈ ਸਿੱਖਿਆ ਦੇ ਵੱਖ-ਵੱਖ ਪੱਧਰਾਂ ਅਤੇ ਕਿਸਮਾਂ ਵਿਚਕਾਰ ਕਾਰਜਾਂ ਦੀ ਵੰਡ 'ਤੇ ਬਲ ਵਿਚ ਮੁੱਢਲੇ ਪਰਿਵਰਤਨ ਦੀ ਜਰੂਰਤ ਹੋਵੇਗੀ। ਜਿਵੇਂ ਕਿ ਜਾਮਟੀਨ ਦੁਆਰਾ ਪ੍ਰੋਤਸਾਹਿਤ ਕੀਤਾ ਗਿਆ ਹੈ ਕਿ ਸਾਰਿਆਂ ਲਈ ਬੁਨਿਆਦੀ ਸਿੱਖਿਆ ਨੀਤੀ ਨਿਰਮਾਤਾਵਾਂ ਦਾ ਵਿਸ਼ੇਸ਼ ਰੂਪ ਤੋਂ ਉਨ੍ਹਾਂ ਲੋਕਾਂ ਦਾ ਜਿਹੜੇ ਸਿੱਖਿਆ ਦੇ ਪ੍ਰਭਾਰੀ ਹਨ ਲੋੜੀਂਦੇ ਰੂਪ ਤੋ ਮੁੱਖ ਵਿਸ਼ਾ ਰਹੇਗਾ। ਅਜਿਹੀ ਜਰੂਰਤ ਵਿਚ ਲੋੜੀਂਦੇ ਰੂਪ ਤੋਂ ਪੂਰਨ ਤੌਰ ਤੇ ਸਿੱਖਿਆ ਦਾ ਪੁਨਰ-ਨਿਰਮਾਣ ਕਰਨਾ ਸ਼ਾਮਲ ਹੋਵੇਗਾ।
4. **ਸਮਾਜ ਦਾ ਜ਼ਿਆਦਾ ਸਮਾਨ ਵਿਕਾਸ–** ਕਾਰਜ ਸਥਲ ਵਿਚ ਪ੍ਰਤਿਭਾਸ਼ਾਲੀ, ਸਿਰਜਨਾਤਿਮਕ ਅਤੇ ਸਹਿਯੋਗਾਤਮਿਕ ਲੋਕਾਂ ਦੀ ਜ਼ਰੂਰਤ ਹੁੰਦੀ ਹੈ। ਸਿੱਖਿਆ ਦੁਆਰਾ ਸਮਾਜ ਦੇ ਜ਼ਿਆਦਾ ਸਮਾਨ ਵਿਕਾਸ ਪ੍ਰਤੀ ਯੋਗਦਾਨ ਦਿੱਤਾ ਜਾਣਾ ਚਾਹੀਦਾ ਹੈ ਜਿੱਥੇ ਸਾਰੇ ਮੈਂਬਰਾਂ ਦੀ ਉਤਪਾਦਨ ਅਤੇ ਖਪਤ ਦੋਹਾਂ ਵਿਚ ਨਿਆਂਪੂਰਨ ਸਾਂਝੇਦਾਰੀ ਹੋਵੇ। ਸਿੱਖਿਆ ਦੁਆਰਾ ਅਜਿਹੇ ਨਾਗਰਿਕਾਂ ਦੇ ਸਮਾਜ ਨੂੰ ਪੁਨਰ ਸ਼ਕਤੀ ਪ੍ਰਦਾਨ ਕਰਨ ਪ੍ਰਤੀ ਯੋਗਦਾਨ ਦਿੱਤਾ ਜਾਣਾ ਚਾਹੀਦਾ ਹੈ ਜੋ ਆਪਣੇ ਸਮੁਦਾਇ, ਦੇਸ਼ ਅਤੇ ਵਿਸ਼ਵ ਦੇ ਮੁੱਲਾਂ, ਮੁੱਦਿਆਂ ਅਤੇ ਚੁਣੌਤੀਆਂ ਨੂੰ ਵੰਡਣ।
5. **ਭਿੰਨ ਲੱਕਸ਼–** ਭਾਵੇਂ ਡੇਲਾਰਸ ਆਯੋਗ, 1993-96 ਦੁਆਰਾ ਪ੍ਰਮੁੱਖਤਾ ਦਿੱਤੇ ਗਏ ਸਿੱਖਿਆ ਦੇ ਚਾਰ ਸਤੰਭ (1) ਜਾਣਨ ਲਈ ਸਿੱਖਣ, (2) ਕਰਨ ਲਈ ਸਿੱਖਣ, (3) ਮਿਲ ਕੇ ਰਹਿਣ ਲਈ ਸਿੱਖਣ (4) ਵਿਕਸਿਤ ਹੋਣ ਲਈ ਸਿੱਖਣ- ਸਿੱਖਿਆ ਪ੍ਰਨਾਲੀ ਦੇ ਸਾਰੇ ਤੱਤਾਂ ਤੇ ਲਾਗੂ ਹੁੰਦੇ ਹਨ, ਸਿੱਖਿਆ ਦੇ ਵੱਖ-ਵੱਖ ਪੱਧਰਾਂ ਨਾਲ ਵੱਖ-ਵੱਖ ਲੱਕਸ਼ ਜੋੜੇ ਜਾਣਗੇ। ਸਿੱਖਿਆ ਜ਼ਿੰਦਗੀ ਭਰ ਸਿੱਖਿਆ ਦੇ ਚਾਰ ਸੰਤਭਾਂ ਤੇ ਅਧਾਰਿਤ ਹੋਣੀ ਚਾਹੀਦੀ ਹੈ।
   i. **ਜਾਣਨ ਲਈ ਸਿੱਖਣ–** ਲੋੜੀਂਦੇ ਰੂਪ ਤੋਂ ਵਿਸਤ੍ਰਿਤ ਸਧਾਰਨ ਗਿਆਨ ਨੂੰ ਘੱਟ ਸੰਖਿਆ ਦੇ ਵਿਸ਼ਿਆਂ 'ਤੇ ਗਹਿਰਾਈ ਨਾਲ ਕਾਰਜ ਕਰਨ ਦੇ ਅਵਸਰ ਨਾਲ ਜੋੜ ਕੇ। ਇਸਦਾ ਅਰਥ ਸਿੱਖਣ ਲਈ ਸਿੱਖਣਾ ਵੀ ਹੈ ਤਾਂ ਕਿ ਜ਼ਿੰਦਗੀ ਭਰ ਸਿੱਖਿਆ ਜੋ ਅਵਸਰ ਪ੍ਰਦਾਨ ਕਰਦੀ ਹੈ, ਉਸ ਤੋਂ ਲਾਭ ਉਠਾਇਆ ਜਾ ਸਕੇ।
   ii. **ਕਰਨ ਲਈ ਸਿੱਖਣ–** ਤਾਂਕਿ ਨਾ ਕੇਵਲ ਵਿਵਸਾਇਕ ਕੌਸ਼ਲ ਪ੍ਰਾਪਤ ਕੀਤਾ ਜਾ ਸਕੇ ਬਲਕਿ ਜ਼ਿਆਦਾ ਵਿਸਤ੍ਰਿਤ ਰੂਪ ਤੋਂ, ਬਹੁਤ ਸਾਰੀਆਂ ਸਥਿਤੀਆਂ ਵਿਚ ਵਿਹਾਰਿਕ ਯੋਗਤਾ ਅਤੇ ਸਮੂਹਾਂ ਵਿਚ ਕੰਮ ਕਰਨ ਸਿੱਖਿਆ ਜਾ ਸਕੇ। ਇਸਦਾ ਅਰਥ ਨੌਜਵਾਨਾਂ ਦੇ ਵੱਖ-ਵੱਖ ਸਮਾਜਿਕ ਤੇ ਕਾਰਜ ਅਨੁਭਵਾਂ ਦੇ ਪ੍ਰਸੰਗ ਵਿਚ ਕਰਨ ਲਈ ਸਿੱਖਣਾ ਵੀ ਹੈ ਜੋ ਸਥਾਨਿਕ ਜਾਂ ਰਾਸ਼ਟਰੀ ਪ੍ਰਸੰਗ ਦੇ ਪਰਿਮਾਣਸਰੂਪ ਗੈਰ-ਰਸਮੀ ਹੋ ਸਕਦਾ ਹੈ ਜਾਂ ਕੋਰਸਾਂ ਨੂੰ ਬਾਰੀ-ਬਾਰੀ ਨਾਲ ਅਧਿਆਪਨ ਅਤੇ ਕਾਰਜ ਨੂੰ ਸ਼ਾਮਲ ਕਰਦੇ ਹੋਏ, ਰਸਮੀ ਵੀ ਹੋ ਸਕਦਾ ਹੈ।

iii. **ਮਿਲਕੇ ਰਹਿਣ ਲਈ ਸਿੱਖਣ–** ਬਹੁਵਾਦ, ਆਪਸੀ ਸੂਝ-ਬੂਝ ਅਤੇ ਸ਼ਾਂਤੀ ਦੇ ਮੁੱਲਾਂ ਲਈ ਸਨਮਾਨ ਦੀ ਭਾਵਨਾ ਨਾਲ ਦੂਜਿਆਂ ਪ੍ਰਤੀ ਸਮਝ ਅਤੇ ਪਰਸਪਰ ਨਿਰਭਰਤਾ ਦੀ ਪ੍ਰਸੰਸਾ ਵਿਕਸਿਤ ਕਰਕੇ- ਸੰਯੁਕਤ ਪਰਿਯੋਜਨਾਵਾਂ ਸੰਪਾਦਿਤ ਕਰਕੇ ਅਤੇ ਮਤਭੇਦ ਸੰਭਾਲਣਾ ਸਿੱਖਕੇ।

iv. **ਵਿਕਸਿਤ ਹੋਣ ਲਈ ਸਿੱਖਣ–** ਤਾਂਕਿ ਆਪਣੀ ਸ਼ਖਸੀਅਤ ਬੇਹਤਰ ਰੂਪ ਤੋਂ ਵਿਕਸਿਤ ਕਰ ਸਕਣ ਅਤੇ ਪਹਿਲਾਂ ਤੋਂ ਜ਼ਿਆਦਾ ਖੁਦਮੁਖਤਾਰੀ ਅਤੇ ਨਿੱਜੀ ਜ਼ਿੰਮੇਵਾਰੀ ਨਾਲ ਕਾਰਜ ਕਰਨ ਦੇ ਯੋਗ ਹੋ ਸਕਣ। ਇਸ ਸੰਬੰਧ ਵਿਚ ਸਿੱਖਿਆ ਦੁਆਰਾ ਵਿਅਕਤੀ ਦੀ ਸਮਰੱਥਾ ਦੇ ਕਿਸੇ ਵੀ ਪਹਿਲੂ-ਯਾਦਾਸ਼ਤ, ਤਰਕ-ਸ਼ਕਤੀ, ਕਲਾਤਮਿਕ ਅਤੇ ਸੁਹਜ ਭਾਵਨਾ, ਸਰੀਰਿਕ ਸਮਰੱਥਾਵਾਂ ਅਤੇ ਸੰਚਾਰ ਸੰਬੰਧੀ ਕੌਸ਼ਲ ਦੀ ਉਲੰਘਣਾ ਨਹੀਂ ਕੀਤੀ ਜਾਣੀ ਚਾਹੀਦੀ।

6. **ਪ੍ਰਾਥਮਿਕ ਸਿੱਖਿਆ ਦਾ ਕਾਰਜ–** ਵਿਸ਼ਵੀਕਰਨ ਪ੍ਰਾਥਮਿਕ ਸਿੱਖਿਆ ਦੇ ਕਾਰਜਾਂ ਵਿਚ ਵਾਧਾ ਲੁੜੀਦਾ ਬਣਾ ਦਿੰਦਾ ਹੈ। ਵਿਆਪੀਕ੍ਰਿਤ ਵਿਸ਼ਵ ਨੂੰ ਅਜਿਹੇ ਸਮਾਜ ਦੀ ਜ਼ਰੂਰਤ ਹੁੰਦੀ ਹੈ ਜੋ ਅਜਿਹੇ ਨਾਗਰਿਕਾਂ ਤੋਂ ਬਣਿਆ ਹੋਵੇ ਜਿਹੜੇ ਤੇਜ਼ ਸਮਾਜਿਕ ਵਿਕਾਸ ਬਾਰੇ ਸਵੈ ਸ਼ਾਸਿਤ ਰੂਪ ਤੋ ਕਾਰਜ ਕਰਨ ਅਤੇ ਸੋਚਣ ਵਿਚ ਸਮਰੱਥ ਹੋਣ। ਅਧਿਆਪਨ ਦੇ ਮੁੱਢਲੇ ਤੱਤ- ਪੜ੍ਹਨਾ, ਲਿਖਣਾ ਅਤੇ ਗਣਿਤ ਦੇ ਨਾਲ ਨਾਲ ਇਹ ਕੌਸ਼ਲ ਸਾਰੇ ਨਾਗਰਿਕਾਂ ਦੁਆਰਾ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ। ਇਸ ਲਈ ਪ੍ਰਾਥਮਿਕ ਸਿੱਖਿਆ ਦਾ ਅਰਥ ਹੈ 'ਵਿਸ਼ਵ ਗ੍ਰਾਮ' ਦੇ ਨਾਗਰਿਕਾਂ ਦਾ ਨਿਰਮਾਣ ਕਰਨਾ।

7. **ਉੱਚ ਸਿੱਖਿਆ- ਪਾਰੰਪਰਿਕ ਕਾਰਜ ਅਤੇ ਨਵੇਂ ਸਮਾਜਿਕ ਕਾਰਜ–** ਸਮਾਜ ਦੇ ਮੈਂਬਰਾਂ ਨੂੰ ਉਤਪੰਨ ਕਰਨ ਦੇ ਉੱਚ ਸਿੱਖਿਆ ਦੇ ਪਾਰੰਪਰਿਕ ਕਾਰਜ ਦੀ ਸੋਧ ਕੀਤੀ ਜਾਣੀ ਚਾਹੀਦੀ ਹੈ ਤਾਂਕਿ ਵਿਸ਼ਵੀਕਰਨ ਦੁਆਰਾ ਉਤਪੰਨ ਨਵੀਆਂ ਮੰਗਾਂ 'ਤੇ ਧਿਆਨ ਦਿੱਤਾ ਜਾ ਸਕੇ-

   i. ਰਾਜ ਦੀਆਂ ਮੰਗਾਂ ਜਿੱਥੇ ਪਰਿਵਰਤਨਾਂ ਦਾ ਪੂਰਵ-ਅਨੁਮਾਨ ਲਗਾਉਣ ਅਤੇ ਉਨ੍ਹਾਂ ਦੇ ਅਨੁਕੂਲ ਬਣਨ ਦੀ ਸਮਰੱਥਾ ਵਾਲੇ ਪ੍ਰਬੰਧਕਾਂ ਦੀ ਘਾਟ ਹੁੰਦੀ ਹੈ।

   ii. ਫਰਮਾਂ ਦੀਆਂ ਮੰਗਾਂ ਜਿਨਾਂ ਨੂੰ ਟੈਕਨੀਸ਼ੀਅਨਾਂ, ਇੰਜੀਨੀਅਰਾਂ ਅਤੇ ਮੈਨੇਜਰਾਂ ਦੀ ਜ਼ਰੂਰਤ ਹੁੰਦੀ ਹੈ ਜਿਹੜੇ ਨਵੇਂ ਕੰਮ ਪੂਰੇ ਕਰਨ ਦੇ ਯੋਗ ਹੋਣ ਅਤੇ ਜਿਹੜੇ ਨਵ ਪਰਿਵਰਤਨ ਦੇ ਤੇਜ਼ ਵਿਕਾਸ ਨਾਲ ਸਮਾਯੋਜਨ ਕਰਨ ਲਈ ਤਿਆਰ ਹੋਣ।

ਸਮਾਜ ਦੀ ਜ਼ਰੂਰਤ ਪੂਰੀ ਕਰਨ ਲਈ ਵਿਸ਼ਵਵਿਦਿਆਲਿਆਂ ਨੂੰ ਰਾਜਨੀਤਿਕ ਰੂੜੀਵਾਦੀ ਦਾ ਕੇਂਦਰ ਨਹੀਂ ਹੋਣਾ ਚਾਹੀਦਾ (ਜਿਵੇਂ ਕਿ ਉਹ ਅੱਜਕੱਲ ਅਕਸਰ ਹੁੰਦੇ ਹਨ) ਵਿਸ਼ਵਵਿਦਿਆਲਿਆਂ ਨੂੰ ਵਾਦ ਵਿਵਾਦ ਲਈ ਮੰਚ ਪ੍ਰਸਤੁਤ ਕਰਨੇ ਚਾਹੀਦੇ ਹਨ, ਨਵ ਪਰਿਵਰਤਨਸ਼ੀਲ ਸਿਧਾਂਤ ਉਤਪੰਨ ਕਰਨੇ ਚਾਹੀਦੇ ਹਨ ਅਤੇ ਉਨਾਂ ਦਾ ਮੁੱਲਾਂਕਣ ਕਰਨਾ ਚਾਹੀਦਾ ਹੈ ਅਤੇ ਰਾਜਨੀਤਿਕ ਨਿਰਪੱਖਤਾ ਤੇ ਵਿਗਿਆਨਿਕ ਜੋਸ਼ ਨਾਲ ਰਾਜਨੀਤਿਕ ਤੇ ਸਮਾਜਿਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਉੱਚਤਮ ਪੱਧਰ ਤੇ ਕੌਸ਼ਲਾਂ ਦੇ ਵਿਕਾਸ ਦੀ ਜ਼ਰੂਰਤ ਤੇ ਧਿਆਨ ਦੇਣ ਅਤੇ ਗਿਆਨ ਦੇ ਉਤਪਾਦਨ ਪ੍ਰਤੀ ਯੋਗਦਾਨ ਦੇਣ ਦੇ ਇਲਾਵਾ ਉੱਚ ਸਿੱਖਿਆ ਦੁਆਰਾ ਹਰੇਕ ਵਿਅਕਤੀ ਨੂੰ ਅਵਸਰ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਜ਼ਿੰਦਗੀ ਭਰ ਸਿੱਖਿਆ ਦੀ ਰੂਪਰੇਖਾ ਵਿਚ ਖੁਦ ਨੂੰ ਸਿੱਖਿਅਤ ਕਰੇ ਅਤੇ ਸਮਾਜ ਨੂੰ ਅਵਸਰ ਦਿੱਤਾ ਜਾਣਾ ਚਾਹੀਦਾ ਹੈ ਕਿ ਚੁਣੌਤੀਆਂ ਅਤੇ ਸਮੱਸਿਆਵਾਂ ਵੱਲ ਧਿਆਨ ਦੇਵੇ।

8. **ਸੈਕੰਡਰੀ ਸਿੱਖਿਆ-ਅੰਤਿਮ ਅਤੇ ਪ੍ਰਰੰਭਿਕ ਸਿੱਖਿਆ ਵਿਚ ਪੁਰਾਣੀ ਦੁਵਿਧਾ ਨਾਲ ਸਮਝੌਤਾ ਕਰਨਾ–** ਸੈਕੰਡਰੀ ਸਿੱਖਿਆ ਵਿਅਕਤੀਆਂ ਦੀ ਤਿਆਰੀ ਨੂੰ ਵਿਸ਼ੇਸ਼

ਮਹੱਤਵ ਦੇਵੇਗੀ ਤਾਂਕਿ ਆਰਥਵਿਵਸਥਾ ਅਤੇ ਸਮਾਜ ਲਈ ਲੁੜੀਂਦੇ ਕੌਸ਼ਲ ਸੰਬੰਧੀ ਵਿਕਾਸ ਭਾਵ ਕਰਨ ਲਈ ਸਿੱਖਣ ਅਤੇ ਵਿਕਾਸ ਲਈ ਸਿੱਖਣ ਪ੍ਰਤੀ ਯੋਗਦਾਨ ਦੇਣ ਦੇ ਨਾਲ–ਨਾਲ ਆਪਣੀ ਜ਼ਿੰਦਗੀ ਭਰ ਦੀ ਸਿੱਖਿਆ ਦੀ ਜ਼ਿੰਮੇਵਾਰੀ ਲੈ ਲੈਣ। ਪ੍ਰਭਾਵਿਤ ਕਰਨ ਵਾਲੇ ਕੁਝ ਸੰਦਰਭ ਦੇਣ ਲਈ; ਵਿਗਿਆਨ ਅਤੇ ਤਕਨੀਕੀ ਦੁਆਰਾ ਵਿਦਿਆਰਥੀਆਂ ਨੂੰ ਉਸ ਵਿਸ਼ਵ ਨੂੰ ਜਿਸ ਵਿਚ ਉਹ ਰਹਿੰਦੇ ਹਨ, ਸਮਝਣ ਵਿਚ ਸਹਾਇਤਾ ਕਰਨ ਅਤੇ ਵਿਸ਼ਿਸ਼ਟ ਕੌਸ਼ਲਾਂ ਦੇ ਵਿਕਾਸ ਦਾ ਮਾਰਗ ਖੋਲਣ ਦੇ ਇਲਾਵਾ, ਸੈਕੰਡਰੀ ਸਿੱਖਿਆ ਵਿਚ ਹੇਠ ਲਿਖਿਆ ਸਿੱਖਣਾ ਸ਼ਾਮਲ ਹੋਵੇਗਾ। (1) ਮੁੱਖ ਭਾਸ਼ਾਵਾਂ, ਸੱਭਿਅਤਾ ਤੇ ਸੰਸਕ੍ਰਿਤੀ, (2) ਜਾਣਕਾਰੀ ਸੰਚਾਰ ਦੀ ਨਵੀਂ ਤਕਨੀਕ ਦੇ ਵਿਕਾਸ ਦੀ ਵਰਤੋਂ ਕਿਵੇਂ ਕਰਨੀ ਹੈ ਅਤੇ ਉਸ ਨਾਲ ਸਮਾਯੋਜਨ ਕਿਵੇਂ ਕਰਨਾ ਹੈ, ਸੋਧ ਦੀਆਂ ਵਿਧੀਆਂ ਅਤੇ ਜਾਣਕਾਰੀ ਦੀ ਚੋਣ। ਇਹ ਸਭ ਸਵੈ ਅਲੋਚਨਾਤਮਿਕ ਮਨ ਨਾਲ ਸਿੱਖਦਾ ਹੈ।

### 2.4.11 ਸੁਝਾਏ ਪ੍ਰਸ਼ਨ

1. ਉੱਚ ਸਿੱਖਿਆ ਦੇ ਵਿਸ਼ਵੀਕਰਨ ਦੇ ਅਰਥ ਵਿੱਚ ਉਦੇਸ਼ਾਂ, ਪਾਠਕ੍ਰਮ, ਵਿਧੀਆਂ, ਅਧਿਆਪਕ ਦੀ ਭੂਮਿਕਾ, ਅਨੁਸ਼ਾਸਨ ਅਤੇ ਮੁਲਾਂਕਣ ਦੇ ਸਬੰਧ ’ਚ ਆਪਣੇ ਸੁਝਾਅ ਦਿਉ।
2. ਵਿਸ਼ਵੀਕਰਨ ਨਾਲ ਸੰਬੰਧਿਤ ਉੱਚ ਸਿੱਖਿਆ ਦੇ ਉਦੇਸ਼, ਉੱਚ ਸਿੱਖਿਆ ਪਾਠਕ੍ਰਮ ਅਤੇ ਉੱਚ ਸਿੱਖਿਆ ਵਿੱਚ ਮੁਲਾਂਕਣ ਦਾ ਵਰਣਨ ਕਰੋ।

### 2.4.12 ਸੁਝਾਈਆਂ ਪੁਸਤਕਾਂ


1. ਡਾ. ਜੇ. ਐਸ. ਵਾਲੀਆ– ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਅਧਾਰ।
2. ਰਾਜ ਕੁਮਾਰ ਖੰਨਾ ਤੇ ਇੰਦਰਜੀਤ ਕੌਰ– ਭਾਰਤ ਵਿੱਚ ਸਿੱਖਿਆ ਪ੍ਰਣਾਲੀ ਦਾ ਵਿਕਾਸ।
3. ਇੰਦਰਦੇਵ ਸਿੰਘ ਨੰਦਰਾਂ ਅਤੇ ਮੋਨਿਕਾ – ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ।

ਪਾਠ ਨੰ. 2.5

ਲੇਖਿਕਾ : ਡਾ. ਤਸਨੀਮ ਖਾਨ

# ਨਿੱਜੀਕਰਨ ਲਈ ਸਿੱਖਿਆ

**ਬਣਤਰ**

2.5.1 ਜਾਣ-ਪਛਾਣ
2.5.2 ਨਿੱਜੀਕਰਨ ਦਾ ਅਰਥ ਅਤੇ ਪਰਿਭਾਸ਼ਾਵਾਂ
2.5.3 ਸਿੱਖਿਆ ਵਿੱਚ ਨਿੱਜੀਕਰਨ ਦੀ ਲੋੜ ਅਤੇ ਮਹੱਤਤਾ
2.5.4 ਸਿੱਖਿਆ ਉੱਤੇ ਨਿੱਜੀਕਰਨ ਦਾ ਪ੍ਰਭਾਵ
2.5.5 ਨਿੱਜੀਕਰਨ ਦਾ ਸਿੱਖਿਆ ਤੇ ਨਕਾਰਾਤਮਕ ਪ੍ਰਭਾਵ
2.5.6 ਸਿੱਖਿਆ ਦੇ ਨਿੱਜੀਕਰਨ 'ਤੇ ਵਿਸ਼ਲੇਸ਼ਣ
2.5.7 ਸੁਝਾਏ ਪ੍ਰਸ਼ਨ
2.5.8 ਸੁਝਾਈਆਂ ਪੁਸਤਕਾਂ

## 2.5.1 ਜਾਣ-ਪਛਾਣ

21ਵੀਂ ਸਦੀ ਵਿਚ ਨਿੱਜੀਕਰਨ ਮਹੱਤਵਪੂਰਨ ਧਾਰਨਾ ਬਣ ਕੇ ਸਾਹਮਣੇ ਆਈ ਹੈ। ਅਜਿਹਾ ਕੋਈ ਵੀ ਖੇਤਰ ਇਸ ਤੋਂ ਅਣ-ਛੁਹਿਆ ਨਹੀਂ ਹੈ, ਭਾਵ ਹਰੇਕ ਖੇਤਰ ਵਿਚ ਨਿੱਜੀਕਰਨ ਨੇ ਆਪਣੇ ਪੈਰ ਪਸਾਰੇ ਹਨ। ਨਿੱਜੀਕਰਨ ਮੁੱਖ ਤੌਰ ਤੇ ਆਰਥਿਕ ਖੇਤਰ ਨਾਲ ਜੁੜਿਆ ਹੋਇਆ ਹੈ। ਅਰਥਵਿਵਸਥਾ ਵਿਚ ਇਹ ਕੋਈ ਨਵੀਂ ਧਾਰਨਾ ਨਹੀਂ ਹੈ। ਵੱਖ-ਵੱਖ ਖੇਤਰਾਂ ਦੀਆਂ ਵੱਡੀਆਂ-ਵੱਡੀਆਂ ਉਦਯੋਗਿਕ ਫਰਮਾਂ, ਵਪਾਰ, ਅਯਾਤ-ਨਿਰਯਾਤ ਆਦਿ ਨਿੱਜੀਕਰਨ ਦੀਆਂ ਸਪੱਸ਼ਟ ਉਦਾਹਰਣਾ ਹਨ।

ਇਸ ਵਿਸ਼ੇ 'ਤੇ ਮੌਜੂਦਾ ਸਮੇਂ ਵਿਚ ਗੰਭੀਰ ਚਰਚਾ ਹੋਣ ਪਿੱਛੇ ਮੁੱਖ ਕਾਰਨ ਇਸ ਦਾ ਜਨਤਕ ਖੇਤਰਾਂ ਵਿਚ ਅੱਗੇ ਵਧਣਾ ਹੈ। ਸਿੱਖਿਆ ਵੀ ਇਸੇ ਨਿੱਜੀਕਰਨ ਦੇ ਘੇਰੇ ਵਿਚ ਆ ਰਹੀ ਹੈ। ਇਸ ਅਧਿਆਇ ਵਿਚ ਅਸੀਂ ਨਿੱਜੀਕਰਨ ਦੇ ਵੱਖ ਪੱਖਾਂ ਬਾਰੇ ਵਿਸਥਾਰ ਅਧਿਐਨ ਕਰਾਂਗੇ।

## 2.5.2 ਨਿੱਜੀਕਰਨ ਦਾ ਅਰਥ ਅਤੇ ਪਰਿਭਾਸ਼ਾਵਾਂ

ਨਿੱਜੀਕਰਨ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Privatization' ਦਾ ਪੰਜਾਬੀ ਅਨੁਵਾਦ ਹੈ ਜਿਹੜਾ ਦੋ ਸ਼ਬਦਾਂ ਨਿੱਜੀ+ਕਰਨ ਦੇ ਮੇਲ ਤੋਂ ਬਣਿਆ ਹੈ। ਜਿਸਦਾ ਸ਼ਾਬਦਿਕ ਅਰਥ ਨਿੱਜੀ ਖੇਤਰ ਦੇ ਕੰਮ ਤੋਂ ਹੈ ਜਾਂ ਉਤਪਾਦਨ ਪ੍ਰਕਿਰਿਆ ਦੇ ਕਿਸੇ ਵੀ ਖੇਤਰ ਵਿਚ ਨਿੱਜੀ ਕੰਮ ਤੋਂ ਹੈ। ਇੱਥੇ ਨਿੱਜੀਕਰਨ ਸ਼ਬਦ ਦਾ ਅਰਥ ਕਿਸੇ ਰਾਜ ਦੀ ਵਿਵਸਥਾ ਦੇ ਬਾਰੇ ਵਿਚ ਦੇਖਣਾ ਅਤੇ ਸਮਝਣਾ ਹੈ। ਸੰਸਾਰ ਦੇ ਕੁੱਝ ਅਜਿਹੇ ਵੀ ਦੇਸ਼ ਹਨ ਜਿੱਥੇ ਸਮੁੱਚੇ ਉਤਪਾਦਨ ਉੱਤੇ ਉਹਨਾਂ ਦਾ ਸੰਪੂਰਨ ਕੰਟਰੋਲ ਹੈ। ਸੰਸਾਰ ਦੇ ਕੁੱਝ ਅਜਿਹੇ ਵੀ ਦੇਸ਼ ਹਨ ਜਿੱਥੇ ਸਮੁੱਚੇ ਉਤਪਾਦਨ ਉਤੇ ਉਹਨਾਂ ਦਾ ਸੰਪੂਰਨ ਕੰਟਰੋਲ ਹੈ, ਜਿਵੇਂ ਸਾਮਵਾਦੀ ਚੀਨ। ਅਰਥਸ਼ਾਸਤਰ ਦੀ ਭਾਸ਼ਾ ਵਿਚ ਅਜਿਹੀ ਵਿਵਸਥਾ ਨੂੰ ਜਨਤਕਕਰਨ ਕਿਹਾ ਜਾਂਦਾ ਹੈ। ਕੁਝ ਦੇਸ਼ ਅਜਿਹੇ ਵੀ ਹਨ ਜਿਥੇ ਸਾਰੇ ਸੋਮਿਆਂ ਅਤੇ ਜਨਤਕ ਅਦਾਰਿਆਂ ਦੇ ਸਾਰੇ ਖੇਤਰਾਂ ਉਤੇ ਕਿਸੇ ਇਕ ਵਿਅਕਤੀ ਜਾਂ ਸੰਸਥਾ ਦਾ ਕੰਟਰੋਲ ਹੈ, ਜਿਵੇਂ ਸੰਯੁਕਤ ਰਾਜ ਅਮਰੀਕਾ। ਅਰਥਸ਼ਾਸਤਰ ਦੀ ਭਾਸ਼ਾ ਵਿਚ ਅਜਿਹੀ ਵਿਵਸਥਾ ਵੀ ਪਾਈ ਜਾਂਦੀ ਹੈ, ਜਿੱਥੇ ਕੁਝ ਸੋਮਿਆਂ ਅਤੇ ਜਨਤਕ ਖੇਤਰਾਂ ਤੇ ਉਸ ਦੇਸ਼

ਦਾ ਕੰਟਰੋਲ ਹੈ ਅਤੇ ਕੁਝ 'ਤੇ ਵਿਅਕਤੀ ਖਾਸ ਜਾ ਸੰਸਥਾਂ ਦਾ ਕੰਟਰੋਲ ਹੈ, ਭਾਰਤ ਦੇਸ਼ ਇਸੇ ਸ਼੍ਰੇਣੀ ਵਿਚ ਆਉਂਦਾ ਹੈ। ਇਸਦੇ ਆਧਾਰ ਤੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਿਸੇ ਦੇਸ਼ ਦੁਆਰਾ ਉਤਪਾਦਕ ਦੇ ਕਿਸੇ ਸੋਮੇ ਜਾਂ ਜਨਤਕ ਅਦਾਰਿਆਂ ਦੇ ਕਿਸੇ ਖੇਤਰ 'ਤੇ ਨਿੱਜੀ ਵਿਅਕਤੀ ਜਾਂ ਸੰਸਥਾ ਦਾ ਕੰਟਰੋਲ ਅਤੇ ਪ੍ਰਬੰਧ ਹੋਵੇ ਤਾਂ ਅਜਿਹੀ ਸਥਿਤੀ ਨਿੱਜੀਕਰਨ ਅਖਵਾਉਂਦੀ ਹੈ। ਇਸਦੇ ਅਰਥਾਂ ਨੂੰ ਸਪੱਸ਼ਟ ਕਰਨ ਵਿਚ ਹੇਠ ਲਿਖੀਆਂ ਪਰਿਭਾਸ਼ਾਵਾਂ ਸਹਾਈ ਹੋਣਗੀਆਂ:

ਟੀ ਥਾਮਸ ਦੇ ਸ਼ਬਦਾਂ ਵਿਚ, "ਸਾਨੂੰ ਨਿੱਜੀ ਖੇਤਰ ਵਿਚ ਜ਼ਿਆਦਾ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਇਸ ਨੂੰ ਸਮੁੱਚੇ ਸੰਸਾਰ ਵਿਚ ਅਜ਼ਾਦੀ ਨਾਲ ਸਹਿਯੋਗ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਸਾਨੂੰ ਸੰਸਾਰ ਲਈ ਦਰਵਾਜ਼ੇ ਬੰਦ ਨਹੀਂ ਕਰਨੇ ਚਾਹੀਦੇ ਕਿਉਂਕਿ ਅਜਿਹਾ ਨਾ ਹੋਵੇ ਕਿ ਸੰਸਾਰ ਸਾਡੇ ਲਈ ਦਰਵਾਜ਼ੇ ਬੰਦ ਕਰ ਦੇਵੇ। ਸਾਡੇ ਦੇਸ਼ ਵਿਚ ਕਿੱਤਈ, ਤਕਨੀਕੀ ਅਤੇ ਪ੍ਰਬੰਧਨ ਦੀਆਂ ਯੋਗਤਾਵਾਂ ਬਹੁਤ ਜ਼ਿਆਦਾ ਹਨ। ਅਸੀਂ ਅਜ਼ਾਦੀ ਨਾਲ ਨਿੱਜੀ ਖੇਤਰ ਦੇ ਸਹਿਯੋਗ ਨੂੰ ਵਧਾ ਸਕਦੇ ਹਾਂ।"

ਏ. ਐਨ. ਅਗਰਵਾਲ ਅਨੁਸਾਰ, "ਸਧਾਰਨ ਸ਼ਬਦਾਂ ਵਿਚ ਨਿੱਜੀਕਰਨ ਦਾ ਅਰਥ ਸਰਕਾਰੀ ਅਤੇ ਜਨਤਕ ਖੇਤਰ ਦੇ ਅਦਾਰਿਆ ਨੂੰ ਨਿੱਜੀ ਖੇਤਰ ਜਾਂ ਵਿਸ਼ੇਸ਼ ਵਿਅਕਤੀ ਜਾਂ ਨਿੱਜੀ ਕੰਪਨੀ ਵਿਚ ਬਦਲਿਆ ਜਾਣਾ ਹੈ। ਇਹ ਤਬਾਦਲਾ ਪੂਰਨ ਰੂਪ ਵਿਚ ਜਾਂ ਭਾਗ ਵਿਚ ਹੋ ਸਕਦਾ ਹੈ।"

ਉਪਰੋਕਤ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਨਿੱਜੀਕਰਨ ਦੀ ਧਾਰਨਾ ਕੋਈ ਨਵੀਂ ਧਾਰਨਾ ਨਹੀਂ, ਸਗੋਂ ਅਰਥਸ਼ਾਸਤਰ ਵਿਚ ਇਸਦੀ ਵਰਤੋਂ ਸਦੀਆਂ ਤੋਂ ਹੋ ਰਹੀ ਹੈ। ਕਿਉਂਕਿ 21 ਵੀਂ ਸਦੀ ਵਿਸ਼ਵੀਕਰਨ ਦੀ ਹੈ, ਇਸ ਕਰਕੇ ਇਸ ਦਾ ਪ੍ਰਸਾਰ ਅਰਥਸ਼ਾਸਤਰ ਤੋਂ ਬਾਹਰ ਦੇ ਖੇਤਰਾਂ ਵਿਚ ਵੀ ਹੋਇਆ ਹੈ। ਸਰਕਾਰ ਇਸ ਗੱਲ ਵਿਚ ਵਿਸ਼ਵਾਸ ਰੱਖਦੀ ਹੈ ਕਿ ਦੇਸ਼ ਦੇ ਵਿਕਾਸ ਵਿਚ ਨਿੱਜੀ ਅਦਾਰਿਆਂ ਤੋਂ ਵੀ ਬਣਦਾ ਸਹਿਯੋਗ ਲਿਆ ਜਾਵੇ ਕਿਉਂਕਿ ਦੇਸ਼ ਦੇ ਹਰੇਕ ਨਾਗਰਿਕ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਰਾਸ਼ਟਰ ਦੀ ਤਰੱਕੀ ਵਿਚ ਬਣਦਾ ਯੋਗਦਾਨ ਦੇਵੇ। ਇਸ ਕਰਕੇ ਸਿੱਖਿਆ ਵਰਗੇ ਮਹੱਤਵਪੂਰਨ ਵਿਸ਼ੇ ਨੂੰ ਸਰਕਾਰ ਨਿੱਜੀ ਖੇਤਰ ਦੀ ਭਾਗੀਦਾਰੀ ਨਾਲ ਚਲਾਉਣਾ ਚਾਹੁੰਦੀ ਹੈ। ਸੰਖੇਪ 'ਚ ਨਿੱਜੀਕਰਨ, ਸਰਕਾਰੀ ਸੋਮਿਆਂ ਅਤੇ ਜਨਤਕ ਅਦਾਰਿਆਂ 'ਤੇ ਵਿਅਕਤੀ ਵਿਸ਼ੇਸ਼ ਜਾਂ ਸੰਸਥਾਵਾਂ ਦੇ ਕੰਟਰੋਲ ਅਤੇ ਪ੍ਰਬੰਧਕ ਨੂੰ ਮਾਨਤਾ ਦਿੰਦੀ ਹੈ।

### 2.5.3 ਸਿੱਖਿਆ ਵਿਚ ਨਿੱਜੀਕਰਨ ਦੀ ਲੋੜ ਅਤੇ ਮਹੱਤਤਾ

1. **ਸਿੱਖਿਆ ਦਾ ਸਰਵਵਿਆਪੀਕਰਨ–** ਹਾਲਾਂਕਿ ਅਜ਼ਾਦੀ ਤੋਂ ਬਾਅਦ ਕੇਂਦਰੀ ਸਰਕਾਰ ਨੇ ਸੰਵਿਧਾਨਿਕ ਜ਼ਿੰਮੇਵਾਰੀ ਦੀ ਪੂਰਤੀ ਲਈ ਵੱਖ ਵੱਖ ਸਿੱਖਿਆ ਕਮਿਸ਼ਨ ਸਥਾਪਿਤ ਕਰਨ ਦੇ ਨਾਲ ਨਾਲ ਨੀਤੀਆਂ ਦਾ ਨਿਰਮਾਣ ਵੀ ਕੀਤਾ ਪਰ ਇਹਨਾਂ ਯਤਨਾਂ ਦੇ ਬਾਵਜੂਦ ਵੀ ਸਿੱਖਿਆ ਦਾ ਸਰਵਵਿਆਪੀਕਰਨ ਨਹੀਂ ਹੋ ਸਕਿਆ। ਸਰਕਾਰ ਇਸ ਮਸਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਮਹਿਸੂਸ ਕਰ ਰਹੀ ਹੈ ਕਿ ਸਿੱਖਿਆ ਦੇ ਸਰਵਵਿਆਪੀ ਪ੍ਰਸਾਰੇ ਲਈ ਨਿੱਜੀ ਸੰਸਥਾਵਾਂ ਦੀ ਭਾਈਵਾਲੀ ਵਧਾਈ ਜਾਵੇ ਤਾਂ ਕਿ ਉਹ ਵੀ ਦੇਸ਼ ਦੇ ਨਾਗਰਿਕ ਹੋਣ ਵਜੋਂ ਆਪਣੀ ਸਕਾਰਾਤਮਕ ਭੂਮਿਕਾ ਨਿਭਾ ਸਕਣ।
2. **ਮੁੱਢਲੀਆਂ ਜ਼ਰੂਰਤਾਂ ਦੀ ਪੂਰਤੀ ਲਈ–** ਆਰਥਿਕ ਸਾਧਨਾ ਦੀ ਘਾਟ ਕਰਕੇ ਜਾਂ ਉਪਲਬਧ ਸਾਧਨਾਂ ਦੀ ਠੀਕ ਵਰਤੋਂ ਨਾ ਹੋਣ ਕਰਕੇ ਸਿੱਖਿਆ ਦੇ ਪ੍ਰਭਾਵਸ਼ਾਲੀ ਨਤੀਜੇ ਨਹੀਂ ਪ੍ਰਾਪਤ ਹੋ ਰਹੇ ਹਨ। ਉਦਾਹਰਣ ਵਜੋਂ ਕਮਰੇ ਦੀ ਘਾਟ, ਸਕੂਲਾਂ ਵਿਚ ਪ੍ਰਯੋਗਸ਼ਾਲਾ ਦੀ ਅਣਹੋਂਦ, ਲਾਇਬਰੇਰੀ ਸਿਰਫ ਨਾਮ ਦੀ, ਸਹਾਇਕ ਸਾਧਨਾਂ ਦੀ ਘਾਟ

ਆਦਿ ਇਸ ਦੇ ਪ੍ਰਸਾਰੇ ਵਿਚ ਰੁਕਾਵਟਾਂ ਹਨ। ਸਕੂਲਾਂ ਵਿਚ ਬਿਜਲੀ ਦੀ ਪੂਰੀ ਤਰ੍ਹਾਂ ਘਾਟ ਹੈ ਜਿਸ ਕਰਕੇ ਉਪਲਬਧ ਸਾਧਨਾਂ ਦੀ ਠੀਕ ਵਰਤੋਂ ਨਹੀਂ ਹੋ ਰਹੀ। ਉਦਾਹਰਣ ਵਜੋਂ ਸਕੂਲਾਂ ਵਿਚ ਕੰਪਿਊਟਰਾਂ ਦਾ ਪ੍ਰਬੰਧ ਤਾਂ ਕਰ ਦਿੱਤਾ ਗਿਆ ਹੈ ਪਰ ਬਿਜਲੀ ਅਤੇ ਅਧਿਆਪਕਾਂ ਦੀ ਘਾਟ ਕਰਕੇ ਇਹ ਲਾਭਕਾਰੀ ਸਿੱਟੇ ਦੇਣ ਵਿਚ ਅਸਫਲ ਹਨ।

3. **ਸਿੱਖਿਆ ਨੂੰ ਆਧੁਨਿਕ ਬਣਾਉਣ ਲਈ-** ਅਜੋਕੇ ਸਮੇ ਵਿਚ ਸਕੂਲਾਂ ਵਿਚ ਦਿੱਤੀ ਜਾਣ ਵਾਲੀ ਸਿੱਖਿਆ ਰੂੜ੍ਹਵਾਦੀ ਹੈ ਅਤੇ ਉਸ ਵਿਚ ਨਵੇਕਲੇਪਨ ਦੀ ਘਾਟ ਹੈ। ਸਿੱਖਿਆ ਪਾਠ ਪੁਸਤਕ ਅਤੇ ਤੂੰ ਪੜ੍ਹ ਵਿਧੀ ਤੇ ਹੀ ਆਧਾਰਿਤ ਹੈ ਜਿਸ ਕਰਕੇ ਬੱਚਿਆਂ ਦਾ ਬੌਧਿਕ ਪੱਧਰ ਪਹਿਲਾਂ ਦੇ ਮੁਕਾਬਲੇ ਘਟਿਆ ਹੈ। ਲੋੜ ਇਸ ਗੱਲ ਦੀ ਹੈ ਕਿ ਮੌਜੂਦਾ ਸਿੱਖਿਆ ਵਿਵਸਥਾ ਨੂੰ ਆਧੁਨਿਕ ਬਣਾਇਆ ਜਾਵੇ ਪਰ ਸਰਕਾਰ ਕੋਲ ਇਨੇ ਸਾਧਨ ਨਹੀਂ ਹਨ ਕਿ ਇਸ 'ਤੇ ਮੁਕੰਮਲ ਕੰਮ ਕੀਤਾ ਜਾ ਸਕੇ। ਇਸ ਕਰਕੇ ਨਿੱਜੀਕਰਨ ਦੇ ਮਾਧਿਅਮ ਰਾਹੀਂ ਸਿੱਖਿਆ ਨੂੰ ਆਧੁਨਿਕ ਬਣਾਉਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

4. **ਗੁਣਾਤਮਕ ਸੁਧਾਰ ਲਈ-** ਗੁਣਾਤਮਕ ਘਾਟ ਕਰਕੇ ਸਿੱਖਿਆ ਤੇ ਲੋੜੀਂਦੇ ਨਤੀਜੇ ਨਹੀਂ ਪ੍ਰਾਪਤ ਕੀਤੇ ਜਾ ਸਕਦੇ, ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਕਰਕੇ ਗੁਣਾਤਮਕ ਸਿੱਖਿਆ ਮੁਹੱਈਆ ਕਰਵਾਉਣੀ ਔਖੀ ਹੋ ਗਈ ਹੈ। ਇਸ ਤੋਂ ਇਲਾਵਾ ਜਿਹੜੇ ਅਧਿਆਪਕ ਸਕੂਲਾਂ ਵਿਚ ਪੜ੍ਹਾ ਰਹੇ ਹਨ, ਉਹਨਾਂ ਦੇ ਗਿਆਨ ਦਾ ਸਮੇਂ ਸਮੇਂ ਉੱਤੇ ਨਵੀਨੀਕਰਨ ਹੋਣਾ ਲਾਜ਼ਮੀ ਹੈ, ਤਦੇ ਹੀ ਉਹ ਸਮਾਜ ਦੀਆਂ ਬਦਲਦੀਆਂ ਲੋੜਾਂ ਦੇ ਅਨੁਸਾਰ ਵਿਦਿਆਰਥੀਆਂ ਨੂੰ ਸਿੱਖਿਆ ਦੇ ਸਕਦੇ ਹਨ। ਪਰ ਸਾਧਨਾਂ ਦੀ ਘਾਟ ਕਰਕੇ ਇਹ ਸਮੱਸਿਆ ਵਧਦੀ ਹੀ ਜਾ ਰਹੀ ਹੈ। ਇਸ ਕਰਕੇ ਸਰਕਾਰ ਮਹਿਸੂਸ ਕਰ ਰਹੀ ਹੈ ਕਿ ਨਿੱਜੀਕਰਨ ਦੇ ਮਾਧਿਅਮ ਰਾਹੀਂ ਸਿੱਖਿਆ ਵਿਚ ਗੁਣਾਤਮਕ ਸੁਧਾਰ ਲਿਆਇਆ ਜਾ ਸਕੇ।

5. **ਪ੍ਰਸ਼ਾਸਨ ਅਤੇ ਵਿੱਤੀ ਸੁਧਾਰ-** ਜਦੋਂ ਸ੍ਰੀ ਜਨਾਰਧਨ ਰੈੱਡੀ ਦੀ ਪ੍ਰਧਾਨਗੀ ਹੇਠ ਕੌਮੀ ਸਿੱਖਿਆ ਨੀਤੀ, 1986 ਵਿਚ ਸੋਧ ਕਰਨ ਲਈ ਕਮੇਟੀ ਸਥਾਪਿਤ ਕੀਤੀ ਗਈ ਤਾਂ ਕਮੇਟੀ ਨੇ ਦੇਖਿਆ ਕਿ ਸਰਕਾਰ ਸਿੱਖਿਆ ਪ੍ਰਸ਼ਾਸਨ ਵੱਲ ਠੀਕ ਢੰਗ ਨਾਲ ਧਿਆਨ ਦੇਣ ਵਿਚ ਅਸਮਰਥ ਹੋ ਰਹੀ, ਨਾਲ ਹੀ ਵਿੱਤ ਵਿਵਸਥਾ ਨੂੰ ਲੈ ਕੇ ਸਮੱਸਿਆ ਪੇਸ਼ ਆ ਰਹੀ ਹੈ। ਇਹ ਸਮੱਸਿਆ ਮੌਜੂਦਾ ਸਮੇਂ ਵਿਚ ਵੀ ਜਿਉਂ ਦੀ ਤਿਉਂ ਬਣੀ ਹੋਈ ਹੈ। ਉਹਨਾਂ ਵੱਲੋਂ ਸਿਫਾਰਸ਼ ਕੀਤੀ ਗਈ ਕਿ ਜ਼ਿਲ੍ਹਾ ਸਿੱਖਿਆ ਬੋਰਡਾਂ ਦੀ ਸਥਾਪਨਾ ਕੀਤੀ ਜਾਵੇ ਤਾਂ ਕਿ ਉਹ ਪ੍ਰਸ਼ਾਸਨ ਵੱਲ ਲੋੜੀਂਦਾ ਧਿਆਨ ਦੇਣ। ਵਿੱਤੇ ਦੇ ਸੰਬੰਧ ਵਿਚ ਪ੍ਰਾਇਮਰੀ ਸਿੱਖਿਆ ਨੂੰ ਵੱਧ ਤੋਂ ਵੱਧ ਸਾਧਨ ਮੁਹੱਈਆ ਕਰਵਾਏ ਜਾਣ ਦੀ ਸਿਫਾਰਸ਼ ਕੀਤੀ ਜਦਕਿ ਸੈਕੰਡਰੀ ਸਿੱਖਿਆ ਨੂੰ ਦੂਜੇ ਪੱਧਰ 'ਤੇ ਰੱਖਿਆ। ਸਰਕਾਰ ਨੇ ਇਸ ਸੁਝਾਅ ਵੱਲ ਸੰਜੀਦਗੀ ਦਿਖਾਉਂਦੇ ਹੋਏ ਫੈਸਲਾ ਲਿਆ ਕਿ ਹੋਲੀ-ਹੋਲੀ ਸਿੱਖਿਆ ਦਾ ਨਿੱਜੀਕਰਨ ਕਰ ਦਿੱਤਾ ਜਾਵੇ ਤਾਂ ਕਿ ਪ੍ਰਸ਼ਾਸਨ ਅਤੇ ਵਿੱਤ ਦੀ ਸਮੱਸਿਆ ਦਾ ਹੱਲ ਕੀਤਾ ਜਾ ਸਕੇ।

6. **ਆਧੁਨਿਕ ਤਕਨੀਕਾਂ ਦੇ ਪ੍ਰਸਾਰੇ ਲਈ-** ਸਾਡੇ ਵਿੱਦਿਅਕ ਸੰਸਥਾਵਾਂ ਵਿਚ ਰੂੜ੍ਹੀਵਾਦੀ ਅਧਿਆਪਨ ਵਿਧੀ ਨੂੰ ਹੀ ਅਪਣਾਇਆ ਜਾਂਦਾ ਹੈ ਕਿਉਂਕਿ ਆਰਥਿਕ ਸਾਧਨ ਆਧੁਨਿਕ ਤਕਨੀਕਾਂ ਦੀ ਵਰਤੋਂ ਲਈ ਨਾ ਕਾਫੀ ਹਨ। ਨਿੱਜੀਕਰਨ ਨਾਲ ਇਸ ਤਰ੍ਹਾਂ ਦੀ ਸਮੱਸਿਆ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ। ਅੱਜ ਪੱਛਮੀ ਦੇਸ਼ਾਂ ਵਿਚ ਸਿੱਖਿਆ ਆਧੁਨਿਕਤਮ ਤਕਨੀਕਾਂ ਨਾਲ ਭਰਪੂਰ ਹੈ, ਜਿਸ ਕਰਕੇ ਉਹ ਵਿਕਸਿਤ ਰਾਸ਼ਟਰ ਦੀ ਸਥਿਤੀ ਰੱਖਦੇ ਹਨ, ਨਿੱਜੀਕਰਨ ਦੀ ਇਸ ਵਿਚ ਮਹੱਤਵਪੂਰਨ ਭੂਮਿਕਾ ਹੈ। ਇਸ

ਕਰਕੇ ਭਾਰਤ ਸਰਕਾਰ ਵੀ ਇਹ ਮਹਿਸੂਸ ਕਰ ਰਹੀ ਹੈ ਕਿ ਸਿੱਖਿਆ ਦੇ ਸਰਵਵਿਆਪੀਕਰਨ ਲਈ ਆਧੁਨਿਕ ਤਕਨੀਕਾਂ ਦਾ ਤੇਜ਼ੀ ਨਾਲ ਪ੍ਰਸਾਰ ਲਾਜ਼ਮੀ ਹੈ, ਜਿਸ ਕਰਕੇ ਨਿੱਜੀਕਰਨ ਦਾ ਸਹਾਰਾ ਲੈਣਾ ਪਵੇਗਾ।

7. **ਖੋਜ ਨੂੰ ਵਧਾਵਾ-** ਸਿੱਖਿਆ ਵਿਚ ਖੋਜ ਵਿਸ਼ਾ ਹੋਰਨਾਂ ਮੁਕਾਬਲੇ ਮਹੱਤਵਪੂਰਨ ਸਥਿਤੀ ਰੱਖਦਾ ਹੈ ਕਿਉਂਕਿ ਸਿੱਖਿਆ ਦੇ ਨਵੀਨੀਕਰਨ ਅਤੇ ਆਧੁਨਿਕੀਕਰਨ ਵਿਚ ਇਸ ਦੀ ਪ੍ਰਭਾਵਸ਼ਾਲੀ ਭੂਮਿਕਾ ਹੈ ਪਰੰਤੂ ਆਰਥਿਕ ਸਾਧਨਾਂ ਦੀ ਘਾਟ ਕਰਕੇ ਖੋਜ ਵਰਗੇ ਮਹੱਤਵਪੂਰਨ ਵਿਸ਼ੇ ਵਿਚ ਪੂਰੀ ਤਰ੍ਹਾਂ ਗਤੀਹੀਣਤਾ ਆ ਗਈ ਹੈ, ਜਿਹੜੀ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਲਈ ਗੰਭੀਰ ਮੁੱਦਾ ਹੈ। ਨਿੱਜੀਕਰਨ ਦੇ ਮਾਧਿਅਮ ਰਾਹੀਂ ਖੋਜ ਨੂੰ ਵਧਾਵਾ ਤਾਂ ਮਿਲੇਗਾ ਹੀ, ਨਾਲ ਹੀ ਯੋਗ ਵਿਅਕਤੀਆਂ ਨੂੰ ਇਸ ਖੇਤਰ ਵਿਚ ਦਾਖਲ ਹੋਣ ਦਾ ਮੌਕਾ ਵੀ ਮਿਲੇਗਾ।
8. **ਸਾਖਰਤਾ ਦੀ ਦਰ ਨੂੰ ਵਧਾਉਣ ਲਈ-** ਭਾਰਤ ਅਬਾਦੀ ਪੱਖੋਂ ਸੰਸਾਰ ਵਿਚ ਦੂਜੇ ਨੰਬਰ 'ਤੇ ਹੈ ਪਰ ਸਾਖਰਤਾ ਦੀ ਦਰ ਪੱਖੋ ਇਸ ਦੀ ਗਿਣਤੀ ਹੇਠਲੇ ਦੇਸ਼ਾਂ ਵਿਚ ਆਉਂਦੀ ਹੈ। ਇਸ ਪਿੱਛੇ ਮੁੱਖ ਕਾਰਨ ਗਰੀਬੀ ਹੈ। ਆਰਥਿਕ ਸਾਧਨਾਂ ਦੀ ਘਾਟ ਕਰਕੇ ਸਮਾਜ ਦਾ ਖਾਸ ਤਬਕਾ ਆਪਣੇ ਬੱਚਿਆਂ ਨੂੰ ਸਿੱਖਿਆ ਦੇਣ ਵਿਚ ਅਸਮਰਥ ਹੈ। ਸਰਕਾਰ ਇਸ ਵੱਲ ਵਿਆਪਕ ਧਿਆਨ ਤਾਂ ਦੇ ਰਹੀ ਹੈ ਪਰ ਅਜੇ ਤੱਕ ਇਸ ਸਮੱਸਿਆ ਦਾ ਹੱਲ ਨਹੀਂ ਹੋ ਸਕਿਆ ਹੈ। ਸਰਕਾਰ ਚਾਹੁੰਦੀ ਹੈ ਕਿ ਨਿੱਜੀਕਰਨ ਦੇ ਮਾਧਿਅਮ ਰਾਹੀਂ ਅਜਿਹੇ ਅਦਾਰਿਆਂ ਨੂੰ ਜ਼ਿੰਮੇਵਾਰੀ ਸੌਂਪੀ ਜਾਵੇ ਜਿਸ ਨਾਲ ਇਹਨਾਂ ਨੂੰ ਸਿੱਖਿਅਤ ਤਾਂ ਕੀਤਾ ਹੀ ਜਾਵੇ, ਨਾਲ ਹੀ ਸਾਖਰਤਾ ਦੀ ਦਰ ਵੀ ਵਧਾਈ ਜਾਵੇ।
9. **ਜਨ ਸ਼ਮੂਲੀਅਤ ਨੂੰ ਵਧਾਉਣ ਲਈ-** ਕੌਮੀ ਸਿੱਖਿਆ ਨੀਤੀ, 1986 ਵਿਚ ਕਿਹਾ ਗਿਆ ਸੀ ਕਿ ਸਿੱਖਿਆ ਦੇ ਖੇਤਰ ਵਿਚ ਜਨ ਸ਼ਮੂਲੀਅਤ ਨੂੰ ਵਧਾਉਣ ਦੇ ਉਪਰਾਲੇ ਕੀਤੇ ਜਾਣ ਪਰ ਇਸ ਵੱਲ ਵਿਆਪਕ ਧਿਆਨ ਨਹੀਂ ਦਿੱਤਾ ਜਾ ਸਕਿਆ। ਮੌਜੂਦਾ ਸਮੇਂ ਵਿਚ ਸਰਕਾਰ ਇਸ ਗੱਲ ਲਈ ਦ੍ਰਿੜ੍ਹ ਸੰਕਲਪ ਹੈ ਕਿ ਸਿੱਖਿਆ ਦੇ ਸਰਵਵਿਆਪੀ ਪ੍ਰਸਾਰੇ ਲਈ ਆਮ ਲੋਕਾਂ ਦੀ ਭਾਗੀਦਾਰੀ ਨੂੰ ਵਧਾਇਆ ਜਾਵੇ। ਇਸ ਕਰਕੇ ਵੀ ਨਿੱਜੀਕਰਨ ਨੂੰ ਅੱਜ ਕਾਫੀ ਸਮਰਥਨ ਮਿਲ ਰਿਹਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਿੱਖਿਆ ਵਿਚ ਨਿੱਜੀਕਰਨ ਕੋਈ ਨਵੀਂ ਧਾਰਨਾ ਨਹੀਂ। ਅਜੋਕਾ ਯੁੱਗ ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਹੈ ਅਤੇ ਰਾਸ਼ਟਰ ਦੀ ਤਰੱਕੀ ਲਈ ਲਾਜ਼ਮੀ ਹੈ ਕਿ ਦੇਸ਼ ਵਿਚ ਮੌਜੂਦਾ ਨਿੱਜੀ ਸੰਸਥਾਵਾਂ ਨੂੰ ਇਸ ਗੱਲ ਲਈ ਪ੍ਰੇਰਿਆ ਜਾਵੇ ਕਿ ਸਿੱਖਿਆ ਦੇ ਸਰਵਵਿਆਪੀਕਰਨ ਦੀ ਜ਼ਿੰਮੇਵਾਰੀ ਵਿਚ ਉਹ ਸਰਕਾਰ ਦੀ ਸਹਾਇਤਾ ਕਰਨ। ਉਪਰੋਕਤ ਸਾਰੇ ਕਾਰਨ ਸਿੱਖਿਆ ਦੇ ਨਿੱਜੀਕਰਨ ਦੀ ਲੋੜਾਂ ਅਤੇ ਮਹੱਤਤਾ ਦਰਸਾਉਂਦੇ ਹਨ।

## 2.5.4 ਸਿੱਖਿਆ ਉੱਤੇ ਨਿੱਜੀਕਰਨ ਦਾ ਪ੍ਰਭਾਵ

### ਨਿੱਜੀਕਰਨ ਦਾ ਸਿੱਖਿਆ ਉੱਤੇ ਸਕਾਰਾਤਮਕ ਪ੍ਰਭਾਵ:

ਨਿੱਜੀਕਰਨ ਵਿਚ ਸਿੱਖਿਆ ਦੇ ਸਰਵਵਿਆਪੀਕਰਨ ਦੀ ਤਸਵੀਰ ਵੇਖੀ ਜਾ ਰਹੀ ਹੈ। ਸਿੱਖਿਆ ਸ਼ਾਸਤਰੀਆਂ ਦਾ ਇਕ ਸਮੂਹ ਇਸ ਗੱਲ ਦੀ ਵਕਾਲਤ ਕਰਦਾ ਹੈ ਕਿ ਸਿੱਖਿਆ ਦਾ ਨਿੱਜੀਕਰਨ ਕਰਕੇ ਇਸ ਨੂੰ ਹਰ ਆਮ ਤੱਕ ਪੁੱਜਦਾ ਕੀਤਾ ਜਾਵੇ। ਉਹ ਆਪਣੇ ਪੱਖ ਵਿਚ ਹੇਠ ਲਿਖੀਆਂ ਦਲੀਲਾਂ ਦਿੰਦੇ ਹਨ।

1. **ਸਿੱਖਿਆ ਦਾ ਆਧੁਨਿਕੀਕਰਨ-** ਆਰਥਿਕ ਸਾਧਨਾਂ ਅਤੇ ਸੋਮਿਆਂ ਦੀ ਘਾਟ ਕਰਕੇ ਸਾਡੀ ਸਿੱਖਿਆ ਰੂੜ੍ਹੀਵਾਦੀ ਬਣੀ ਹੋਈ ਹੈ ਕਿਉਂਕਿ ਇਸ ਲਈ ਲੋੜੀਂਦੇ ਸਾਧਨਾਂ ਦੀ ਪੂਰਤੀ ਨਹੀਂ ਹੋ ਰਹੀ। ਨਿੱਜੀਕਰਨ ਦੇ ਸਿੱਟੇ ਵੱਜੋਂ ਸਿੱਖਿਆ ਦਾ ਆਧੁਨਿਕੀਕਰਨ

ਹੋਵੇਗਾ। ਜਿਹੜੀਆ ਆਧੁਨਿਕ ਚੀਜ਼ਾਂ ਪ੍ਰਭਾਵਸ਼ਾਲੀ ਸਿੱਖਿਆ ਲਈ ਲੋੜੀਦੀਆਂ ਹਨ, ਨਿੱਜੀਕਰਨ ਨਾਲ ਮੁਹੱਈਆ ਹੋ ਸਕਦੀਆਂ ਹਨ।

2. **ਮੁੱਢਲੇ ਢਾਂਚੇ ਵਿਚ ਸੁਧਾਰ–** ਹਾਲਾਂਕਿ ਅਸੀਂ 21ਵੀਂ ਸਦੀ ਵਿਚ ਕਦਮ ਰੱਖ ਚੁੱਕੇ ਹਾਂ ਪਰ ਸਾਡੇ ਸਕੂਲਾਂ ਵਿਚ ਅਜੇ ਵੀ ਮੁੱਢਲੇ ਢਾਂਚੇ ਦੀ ਘਾਟ ਸਪੱਸ਼ਟ ਦਿਖਾਈ ਦੇ ਰਹੀ ਹੈ। ਕਮਰੇ ਦੀ ਘਾਟ, ਨਾ-ਮਾਤਰ ਦੀ ਪ੍ਰਯੋਗਸ਼ਾਲਾ, ਕਹਿਣ ਨੂੰ ਲਾਇਬਰੇਰੀ, ਪੀਣ ਲਈ ਪਾਣੀ ਦੀ ਘਾਟ ਆਦਿ ਮੁੱਢਲੀਆਂ ਸਮੱਸਿਆਵਾਂ ਸਿੱਖਿਆ ਵਿਚ ਵਿਚਾਰ ਰਹੀਆਂ ਹਨ। ਨਿੱਜੀਕਰਨ ਵਿਚ ਇਹਨਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਦੇਖਿਆ ਜਾ ਰਿਹਾ ਹੈ ਕਿਉਂਕਿ ਇਹ ਸਾਰੀਆਂ ਸਮੱਸਿਆਵਾਂ ਆਰਥਿਕ ਸਾਧਨਾਂ ਦੀ ਘਾਟ ਕਰਕੇ ਪੈਦਾ ਹੋਈਆਂ ਹਨ ਜਦਕਿ ਨਿੱਜੀਕਰਨ ਕਰਕੇ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ।

3. **ਗੁਣਾਤਮਕ ਸੁਧਾਰ–** ਸਕੂਲਾਂ ਵਿਚ ਅਜੇ ਵੀ ਪੁਰਾਣੀਆਂ ਅਧਿਆਪਨ ਵਿਧੀਆਂ ਦਾ ਪ੍ਰਚਲਨ ਬਿਨਾਂ ਕਿਸੇ ਰੋਕ ਤੋ ਜਾਰੀ ਹੈ, ਜਿਸ ਕਰਕੇ ਗੁਣਾਤਮਕ ਪੱਖੋਂ ਸਿੱਖਿਆ ਵਿਚ ਨਿਘਾਰ ਆਇਆ ਹੈ। ਨਿੱਜਕੀਰਨ ਆਧੁਨਿਕਤਾ ਦੀ ਸਮਰਥਕ ਹੈ। ਇਸ ਕਰਕੇ ਸਿੱਖਿਆ ਵਿਚ ਉਹਨਾਂ ਸਾਰੀਆਂ ਚੀਜਾਂ ਨੂੰ ਅਪਣਾਏ ਜਾਣ ਦੀ ਵਕਾਲਤ ਹੈ ਜਿਸ ਨਾਲ ਸਿੱਖਿਆ ਦਾ ਗੁਣਾਤਮਕ ਪੱਖ ਮਜਬੂਤ ਹੋਵੇ। ਇਸ ਤਰ੍ਹਾਂ ਨਿੱਜੀਕਰਨ ਕਰਕੇ ਸਿੱਖਿਆ ਵਿਚ ਗੁਣਾਤਮਕ ਸੁਧਾਰ ਆਵੇਗਾ ਜਿਹੜੀ ਅਜੋਕੇ ਸਮੇਂ ਦੀ ਮੰਗ ਹੈ।

4. **ਪ੍ਰਸ਼ਾਸਨ ਅਤੇ ਵਿੱਤ ਸਮੱਸਿਆ ਤੋਂ ਨਿਜਾਤ–** ਸਰਕਾਰ ਨੂੰ ਸਿੱਖਿਆ ਵਿਚ ਪ੍ਰਸ਼ਾਸਨ ਅਤੇ ਵਿੱਤ ਨੂੰ ਲੈ ਕੇ ਮੁੱਖ ਤੌਰ 'ਤੇ ਸਮੱਸਿਆ ਆਉਂਦੀ ਹੈ। ਨਿੱਜੀਕਰਨ ਕਰਕੇ ਸਿੱਖਿਆ ਦਾ ਪ੍ਰਬੰਧ ਨਿੱਜੀ ਸੰਸਥਾਵਾਂ ਦੇ ਹੱਥ ਵਿਚ ਆ ਜਾਵੇਗਾ ਜਿਸ ਨਾਲ ਸਰਕਾਰ ਨੂੰ ਪ੍ਰਸ਼ਾਸਨਿਕ ਪੱਖੋਂ ਕੋਈ ਵੀ ਸਮੱਸਿਆ ਨਹੀਂ ਆਵੇਗੀ, ਨਾਲ ਹੀ ਵਿੱਤੀ ਪੱਖੋਂ ਜਿਹੜੀ ਸਰਕਾਰ ਨੂੰ ਸਮੱਸਿਆ ਆਉਂਦੀ ਹੈ ਉਸ ਦਾ ਹੱਲ ਵੀ ਹੋ ਜਾਵੇਗਾ।

5. **ਸਿੱਖਿਆ ਦੇ ਪ੍ਰਸਾਰ ਵਿਚ ਸਹਿਯੋਗ–** ਜੇਕਰ ਇਹ ਮੰਨਿਆ ਜਾਵੇ ਕਿ ਸਿੱਖਿਆ ਦੇ ਸਰਵਵਿਆਪੀਕਰਨ ਦੀ ਜ਼ਿੰਮੇਵਾਰੀ ਸਰਕਾਰ 'ਤੇ ਹੈ ਤਾਂ ਇਹ ਸੌੜੀ ਸੋਚ ਨੂੰ ਦਰਸਾਉਂਦੀ ਹੈ। ਹਾਂ ਇਹ ਗੱਲ ਸਹੀ ਹੈ ਕਿ ਸੰਵਿਧਾਨ ਵਿਚ ਇਹ ਵਿਵਸਥਾ ਹੈ ਕਿ ਸਰਕਾਰ 6-14 ਸਾਲ ਤਕ ਦੇ ਸਾਰੇ ਬੱਚਿਆਂ ਨੂੰ ਮੁਫਤ ਤੇ ਲਾਜ਼ਮੀ ਸਿੱਖਿਆ ਮੁਹੱਈਆ ਕਰਵਾਏਗੀ ਪਰ ਇਸਦੇ ਪ੍ਰਸਾਰ ਵਿਚ ਆਮ ਲੋਕਾਂ ਦੇ ਸਹਿਯੋਗ ਦੀ ਬਹੁਤ ਜ਼ਿਆਦਾ ਲੋੜ ਹੈ। ਨਿੱਜੀ ਸੰਸਥਾਵਾਂ ਦੁਆਰਾ ਸੰਚਾਲਿਤ ਸਕੂਲਾਂ ਨਾਲ ਨਿਸ਼ਚਿਤ ਤੌਰ 'ਤੇ ਸਿੱਖਿਆ ਦੇ ਪ੍ਰਸਾਰ ਵਿਚ ਸਹਿਯੋਗ ਮਿਲੇਗਾ ਜਿਹੜੀ ਰਾਸ਼ਟਰ ਉਨੱਤੀ ਵਿਚ ਮਹੱਤਵਪੂਰਨ ਯੋਗਦਾਨ ਦੇ ਸਕਦੀ ਹੈ।

6. **ਕਿੱਤਈ ਕੋਰਸਾਂ ਵਿਚ ਵਾਧਾ–** ਸਿੱਖਿਆ ਦੇ ਨਿੱਜੀਕਰਨ ਨਾਲ ਸਿੱਖਿਆ ਵਿਚ ਜਿਹੜਾ ਸਕਾਰਾਤਮਕ ਪ੍ਰਭਾਵ ਪਵੇਗਾ ਉਹ ਹੈ ਕਿੱਤਈ ਕੋਰਸਾਂ ਵਿਚ ਵਾਧਾ ਅੱਜ ਭਾਰਤ ਵਿਚ ਵੱਖ ਵੱਖ ਖੇਤਰਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਹੁਨਰ ਪ੍ਰਾਪਤ ਕਾਰੀਗਰਾਂ ਦੀ ਲੋੜ ਹੈ। ਇਸ ਦੀ ਪੂਰਤੀ ਵਿਚ ਕਿਤੱਈ ਕੋਰਸਾਂ ਦੀ ਭੂਮਿਕਾ ਮਹੱਤਵਪੂਰਨ ਹੈ। ਇਸ ਤਰ੍ਹਾਂ ਸਿੱਖਿਆ ਦੇ ਨਿੱਜੀਕਰਨ ਨਾਲ ਕਿੱਤਈ ਕੋਰਸਾਂ ਵਿਚ ਵਾਧਾ ਹੋਵੇਗਾ ਜਿਸ ਨਾਲ ਦੇਸ਼ ਦੀਆਂ ਲੋੜਾਂ ਦੀ ਪੂਰਤੀ ਹੋਵੇਗੀ।

7. **ਖੋਜ ਅਤੇ ਕਾਢ ਦਾ ਵਿਆਪਕ ਖੇਤਰ–** ਨਿੱਜੀਕਰਨ ਇਸ ਗੱਲ ਦਾ ਸਮਰਥਨ ਕਰਦੀ ਹੈ ਕਿ ਸਿੱਖਿਆ ਦੇ ਖੇਤਰ ਵਿਚ ਖੋਜ ਅਤੇ ਕਾਢ ਨੂੰ ਪ੍ਰਮੁੱਖਤਾ ਦਿੱਤੀ ਜਾਵੇ ਕਿਉਂਕਿ ਦੇਸ਼ ਨਿਰਮਾਣ ਵਿਚ ਇਹਨਾਂ ਦੀ ਭੂਮਿਕਾ ਹੋਰਨਾਂ ਮੁਕਾਬਲੇ ਮਹੱਤਵਪੂਰਨ ਹੈ।

ਸਿੱਖਿਆ ਦੇ ਨਿੱਜੀਕਰਨ ਨਾਲ ਇਸ ਨੂੰ ਵਧਾਵਾ ਮਿਲੇਗਾ ਜਿਸ ਨਾਲ ਵਿਕਾਸ ਅਤੇ ਸੁਧਾਰ ਦੀਆਂ ਸੰਭਾਵਨਾਵਾਂ ਵਿਚ ਵਾਧਾ ਹੋਵੇਗਾ ਅਤੇ ਰਾਸ਼ਟਰ ਖੁਸ਼ਹਾਲ ਬਣੇਗਾ।

8. **ਮੁਕਾਬਲੇ ਦੀ ਭਾਵਨਾ–** ਸਿੱਖਿਆ ਵਿਚ ਨਿੱਜੀਕਰਨ ਦੇ ਦਾਖਲੇ ਨਾਲ ਵੱਖ-ਵੱਖ ਸੰਸਥਾਵਾਂ ਵਿਚਾਲੇ ਮੁਕਾਬਲੇ ਦੀ ਭਾਵਨਾ ਵਧੇਗੀ ਕਿਉਂਕਿ ਇਸ ਖੇਤਰ ਵਿਚ ਕੰਮ ਕਰਨ ਵਾਲੇ ਨੂੰ ਵਿਆਪਕ ਪ੍ਰਗਤੀ ਕਰਨ ਦਾ ਮੌਕਾ ਮਿਲੇਗਾ। ਇਸ ਤੋਂ ਇਲਾਵਾ ਮੈਨੇਜਮੈਂਟ ਵੱਲੋਂ ਵੀ ਆਪਣੇ ਵਿੱਦਿਅਕ ਢਾਂਚੇ ਵਿਚ ਸੁਧਾਰ ਕਰਨ ਦੀ ਭਾਵਨਾ ਵਧੇਗੀ ਜਿਸ ਨਾਲ ਬੱਚਿਆਂ ਦਾ ਬੌਧਿਕ ਪੱਧਰ ਉੱਚਾ ਹੋਵੇਗਾ, ਨਾਲ ਹੀ ਉਹਨਾਂ 'ਚ ਮੁਕਾਬਲੇ ਦੀ ਭਾਵਨਾ ਪੈਦਾ ਹੋਵੇਗੀ ਜਿਹੜੀ ਉਤੱਮਤਾ ਨੂੰ ਪ੍ਰੇਰਿਤ ਕਰੇਗੀ।
9. **ਰੁਜ਼ਗਾਰ ਦੇ ਨਵੇਂ ਖੇਤਰ–** ਸਿੱਖਿਆ ਦੇ ਨਿੱਜੀਕਰਨ ਹੋਣ ਨਾਲ ਰੁਜ਼ਗਾਰ ਦੇ ਨਵੇਂ-ਨਵੇਂ ਮੌਕੇ ਮਿਲਣਗੇ। ਸਭ ਤੋਂ ਪਹਿਲਾਂ ਵਿੱਦਿਅਕ ਸੰਸਥਾਵਾਂ ਵਿਚ ਅਧਿਆਪਕਾਂ, ਅਧਿਕਾਰੀਆਂ ਅਤੇ ਹੋਰ ਸਟਾਫ ਦੀ ਲੋੜ ਪਵੇਗੀ। ਜਿਸ ਨਾਲ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਦੂਜੇ ਪਾਸੇ ਇਹਨਾਂ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਵੱਖ-ਵੱਖ ਕੋਰਸਾਂ ਨੂੰ ਕਰਕੇ ਵਿਦਿਆਰਥੀ ਰੁਜ਼ਗਾਰ ਦੇ ਵੱਖੋ-ਵੱਖਰੇ ਖੇਤਰਾਂ ਵਿਚ ਜਾਣਗੇ ਜਿਸ ਨਾਲ ਆਤਮ-ਨਿਰਭਰਤਾ ਵਧੇਗੀ ਅਤੇ ਰਾਸ਼ਟਰ ਖੁਸ਼ਹਾਲ ਹੋਵੇਗਾ।
10. **ਅਨੁਸ਼ਾਸਨ ਦੀ ਘੱਟ ਸਮੱਸਿਆ–** ਨਿੱਜੀ ਖੇਤਰ ਜੇਕਰ ਅੱਜ ਉਨਤੀ ਦੇ ਸਿੱਖਰਾਂ ਤੇ ਹੈ ਤਾਂ ਇਸ ਕਾਮਯਾਬੀ ਪਿੱਛੇ ਅਨੁਸ਼ਾਸਨ ਦੀ ਭੂਮਿਕਾ ਕਾਫੀ ਮਹੱਤਵਪੂਰਨ ਹੈ। ਕਿਹਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਕੋਲ ਅਨੁਸ਼ਾਸਨ ਨਹੀਂ ਤਾਂ ਉਸ ਕੋਲ ਕੁਝ ਵੀ ਨਹੀਂ। ਅਨੁਸ਼ਾਸਨ ਅਜਿਹਾ ਖਜ਼ਾਨਾ ਹੈ ਜਿਹੜਾ ਤਰੱਕੀ ਦੇ ਰਾਹ ਨੂੰ ਆਸਾਨ ਬਣਾਉਂਦਾ ਹੈ। ਸਿੱਖਿਆ ਵਿਚ ਸੁਧਾਰ ਲਈ ਲਾਜ਼ਮੀ ਹੈ ਕਿ ਉਸ ਵਿਚ ਅਨੁਸ਼ਾਸਨ ਸਥਾਪਿਤ ਕੀਤਾ ਜਾਵੇ। ਸਿੱਖਿਆ ਦੇ ਨਿੱਜੀਕਰਨ ਨਾਲ ਇਸ ਸਮੱਸਿਆ ਤੋਂ ਮੁਕਤੀ ਮਿਲ ਜਾਵੇਗੀ।

### 2.5.5 ਨਿੱਜੀਕਰਨ ਦਾ ਸਿੱਖਿਆ ਉੱਤੇ ਨਕਾਰਾਤਮਕ ਪ੍ਰਭਾਵ

i. **ਮਹਿੰਗੀ ਸਿੱਖਿਆ–** ਸਿੱਖਿਆ ਦੇ ਨਿੱਜੀਕਰਨ ਦੇ ਵਿਰੁੱਧ ਅਵਾਜ਼ ਚੁੱਕਣ ਵਾਲੇ ਲੋਕਾਂ ਦਾ ਮੰਨਣਾ ਹੈ ਕਿ ਇਸਦੇ ਨਿੱਜੀਕਰਨ ਨਾਲ ਸਿੱਖਿਆ ਇੰਨ੍ਹੀ ਜ਼ਿਆਦਾ ਮਹਿੰਗੀ ਹੋ ਜਾਵੇਗੀ ਕਿ ਹਰ ਆਮ ਦੀ ਪਹੁੰਚ ਤੋਂ ਦੂਰ ਦੀ ਗੱਲ ਹੋ ਜਾਵੇਗੀ।

ii. **ਗੁਣਾਤਮਕ ਸਿੱਖਿਆ ਜ਼ਰੂਰੀ ਨਹੀਂ–** ਸਿੱਖਿਆ ਦੇ ਨਿੱਜੀਕਰਨ ਦੇ ਹੱਕ ਵਿਚ ਬੋਲਣ ਵਾਲੇ ਲੋਕਾਂ ਦਾ ਕਹਿਦਾ ਹੈ ਕਿ ਨਿੱਜੀਕਰਨ ਨਾਲ ਸਿੱਖਿਆ ਵਿਚ ਗੁਣਾਤਮਕ ਸੁਧਾਰ ਹੋਵੇਗਾ ਪਰ ਇਸ ਦੇ ਵਿਰੋਧ ਵਿਚ ਭੁਗਤਣ ਵਾਲੇ ਲੋਕ ਇਹ ਪ੍ਰਸ਼ਨ ਕਰਦੇ ਹਨ ਕਿ ਇਸ ਗੱਲ ਦੀ ਕੀ ਗਾਰੰਟੀ ਹੈ ਕਿ ਇਸ ਨਾਲ ਗੁਣਾਤਮਕ ਸਿੱਖਿਆ ਵਿਚ ਸੁਧਾਰ ਹੋਵੇਗਾ। ਆਪਣੇ ਉੱਤਰ ਦੀ ਠੋਸ ਪੁਸ਼ਟੀ ਵਿਚ ਇਹ ਲੋਕ ਕਹਿੰਦੇ ਹਨ ਕਿ ਜਿਹੜੇ ਨਿੱਜੀ ਸਕੂਲ ਪਹਿਲਾਂ ਤੋਂ ਹੋਂਦ ਵਿਚ ਹਨ, ਉਹਨਾਂ ਵਿੱਚ ਕਿੰਨੀ ਕਿ ਗੁਣਾਤਮਕ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਕਰਕੇ ਨਿੱਜੀਕਰਨ ਨਾਲ ਗੁਣਾਤਮਕ ਸਿੱਖਿਆ ਵਿਚ ਵਾਧਾ ਹੋਵੇਗਾ, ਇਸ ਬਾਰੇ ਨਿਸ਼ਚਿਤ ਤੌਰ ਤੇ ਕੁਝ ਨਹੀਂ ਕੀਤਾ ਜਾ ਸਕਦਾ।

iii. **ਸਿੱਖਿਆ ਵਪਾਰ ਦਾ ਸਾਧਨ–** ਨਿੱਜੀਕਰਨ ਕਰਕੇ ਸਿੱਖਿਆ ਦਾ ਵਪਾਰੀਕਰਨ ਹੋ ਜਾਵੇਗਾ, ਭਾਵ ਸਿੱਖਿਆ ਵਪਾਰ ਦਾ ਸਾਧਨ ਬਣ ਜਾਵੇਗੀ। ਧਨ ਕਮਾਉਣਾ ਨਿੱਜੀ ਸੰਸਥਾਵਾਂ ਦਾ ਮੁੱਖ ਉਦੇਸ਼ ਹੁੰਦਾ ਹੈ। ਇਸ ਕਰਕੇ ਸਿੱਖਿਆ ਨੈਤਿਕਤਾ ਦਾ ਕੰਮ ਨਾ ਹੋ ਕੇ ਉਦਯੋਗ ਦਾ ਰੂਪ ਧਾਰਨ ਕਰ ਲਵੇਗੀ। ਵੱਡੇ-ਵੱਡੇ ਉਦਯੋਗਿਕ ਘਰਾਨੇ ਇਸ

ਵੱਲ ਇਸੇ ਲਈ ਆਕਰਸ਼ਿਤ ਹੋ ਰਹੇ ਹਨ ਕਿਉਂਕਿ ਇਸ ਵਿਚ ਆਮਦਨ ਦੀ ਗੁੰਜਾਇਸ਼ ਕਾਫੀ ਹੈ।

iv. **ਬੱਚਿਆਂ 'ਤੇ ਵਾਧੂ ਭਾਰ–** ਸਰਕਾਰੀ ਸਕੂਲਾਂ ਵਿਚ ਨਿਯਮਾਂ ਮੁਤਾਬਕ ਵਿਦਿਆਰਥੀਆਂ ਨੂੰ ਸਿਲੇਬਸ ਕਰਵਾਇਆ ਜਾਂਦਾ ਹੈ ਪਰ ਨਿੱਜੀ ਸਕੂਲਾਂ ਵਿਚ ਆਮ ਵੇਖਿਆ ਜਾਂਦਾ ਹੈ ਕਿ ਬੱਚੇ ਸਕੂਲ ਵਿਚ ਪੜ੍ਹਨ ਤੋਂ ਇਲਾਵਾ ਟਿਊਸ਼ਨਾਂ 'ਤੇ ਕਾਫੀ ਸਮਾਂ ਲਗਾਉਂਦੇ ਹਨ ਜਿਸ ਨਾਲ ਉਹਨਾਂ ਨੂੰ ਮਾਨਸਿਕ ਤਣਾਅ ਅਤੇ ਸਰੀਰਿਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖਿਆ ਦੇ ਨਿੱਜੀਕਰਨ ਨਾਲ ਬੱਚਿਆਂ 'ਤੇ ਹੋਰ ਵੀ ਵਾਧੂ ਭਾਰ ਪਵੇਗਾ ਜਿਸ ਨਾਲ ਬੱਚਿਆਂ ਦੀ ਸ਼ਖਸੀਅਤ ਦਾ ਢੁਕਵਾਂ ਵਿਕਾਸ ਨਹੀਂ ਹੋਵੇਗਾ।

v. **ਅਧਿਆਪਕਾਂ ਦਾ ਸੋਸ਼ਣ–** ਸਿੱਖਿਆ ਦੇ ਨਿੱਜੀਕਰਨ ਨਾਲ ਅਧਿਆਪਕਾਂ ਦੇ ਸੋਸ਼ਣ ਵਿਚ ਵਾਧਾ ਹੋਵੇਗਾ ਕਿਉਂਕਿ ਇਸ ਵਿਵਸਥਾ ਵਿਚ ਅਧਿਆਪਕਾਂ ਦੀਆਂ ਸੇਵਾ-ਸ਼ਰਤਾਂ ਬਾਰੇ ਕੋਈ ਨਿਸ਼ਚਿਤ ਨਿਯਮ ਨਹੀਂ ਹਨ। ਇਸ ਤੋਂ ਇਲਾਵਾ ਉਹਨਾਂ ਨੂੰ ਹੋਰ ਸੇਵਾ ਲਾਭ ਦੀ ਕੋਈ ਵਿਵਸਥਾ ਨਹੀਂ। ਆਮ ਤੌਰ 'ਤੇ ਅਸੀਂ ਦੇਖਦੇ ਹਾਂ ਕਿ ਨਿੱਜੀ ਸਕੂਲਾਂ ਵਿਚ ਅਧਿਆਪਕਾਂ ਦਾ ਹਰੇਕ ਪੱਖੋਂ ਸੋਸ਼ਣ ਹੋ ਰਿਹਾ ਹੈ। ਬੇਰੁਜ਼ਗਾਰੀ ਦੀ ਮਾਰ ਹੇਠ ਇਹ ਅਧਿਆਪਕ ਬਹੁਤ ਘੱਟ ਤਨਖਾਹਾਂ ਵਿਚ ਕੰਮ ਕਰ ਰਹੇ ਹਨ। ਨਿੱਜੀਕਰਨ ਨਾਲ ਇਸ ਸਮੱਸਿਆ ਵਿਚ ਹੋਰ ਵੀ ਵਾਧਾ ਹੋਵੇਗਾ।

vi. **ਸੇਵਾ ਦੀ ਸੁਰੱਖਿਆ ਨਹੀਂ–** ਜਿੱਥੇ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਅਤੇ ਹੋਰਨਾਂ ਕਰਮਚਾਰੀਆਂ ਦੀ ਸੇਵਾਵਾਂ ਸੁਰੱਖਿਅਤ ਹਨ, ਉੱਥੇ ਨਿੱਜੀ ਸਕੂਲਾਂ ਵਿਚ ਇਹਨਾਂ ਦੀਆਂ ਸੇਵਾਵਾਂ ਬਾਰੇ ਕੋਈ ਸੁਰੱਖਿਆ ਨਹੀਂ। ਨਿੱਜੀ ਸਕੂਲਾਂ ਦੇ ਮਾਲਕ ਕਿਸੇ ਵੀ ਸਮੇਂ ਇਹਨਾਂ ਦੀ ਕੰਮ ਤੋਂ ਛੁੱਟੀ ਕਰ ਸਕਦੇ ਹਨ। ਅਸੁਰੱਖਿਆ ਦੀ ਭੈਅ ਵਿਚ ਕੰਮ ਕਰ ਰਹੇ ਇਹ ਅਧਿਆਪਕ ਨਿੱਜੀਕਰਨ ਹੋਣ ਨਾਲ ਆਪਣਾ ਜੀਵਨ ਵਧੀਆ ਢੰਗ ਨਾਲ ਕਿਸ ਤਰ੍ਹਾਂ ਬਤੀਤ ਕਰ ਸਕਦੇ ਹਨ।

vii. **ਬੁੱਧੀ ਦੀ ਥਾਂ ਧਨ ਨੂੰ ਮਹੱਤਤਾ–** ਜਿੱਥੇ ਸਰਕਾਰ ਹਰੇਕ ਬੱਚਿਆਂ ਨੂੰ ਸਿੱਖਿਆ ਮੁਹੱਈਆ ਕਰਵਾਏ ਜਾਣ ਲਈ ਦ੍ਰਿੜ੍ਹ ਸੰਕਲਪ ਹੈ ਅਤੇ ਹੋਣਹਾਰ ਬੱਚਿਆਂ ਦੇ ਵਿਕਾਸ ਲਈ ਢੁਕਵੇਂ ਉਪਰਾਲੇ ਕੀਤੇ ਗਏ ਹਨ, ਉੱਥੇ ਨਿੱਜੀਕਰਨ ਨਾਲ ਇਸ ਵਿਵਸਥਾ ਦਾ ਖਾਤਮਾ ਹੋ ਜਾਵੇਗਾ ਅਤੇ ਧਨ ਦੀ ਮਹੱਤਤਾ ਵੱਧ ਜਾਵੇਗੀ। ਜਿਸ ਵਿਅਕਤੀ ਕੋਲ ਧਨ ਹੋਵੇਗਾ ਉਹ ਹੀ ਆਪਣੇ ਬੱਚਿਆਂ ਲਈ ਵਧੀਆਂ ਸਕੂਲਾਂ ਵਿਚ ਸਿੱਖਿਆ ਦਾ ਪ੍ਰਬੰਧ ਕਰ ਸਕਦਾ ਹੈ। ਇਸ ਤਰ੍ਹਾਂ ਬੁੱਧੀਮਾਨ ਅਤੇ ਹੋਣਹਾਰ ਵਿਦਿਆਰਥੀਆਂ ਦੀ ਥਾਂ ਧਨ ਸੰਪੰਨ ਵਿਦਿਆਰਥੀਆਂ ਨੂੰ ਵਧੇਰੇ ਮਹੱਤਤਾ ਮਿਲੇਗੀ।

viii. **ਅਨਪੜ੍ਹਤਾ ਦੀ ਦਰ ਵਿਚ ਵਾਧਾ–** ਨਿੱਜੀਕਰਨ ਦੇ ਪ੍ਰਸਾਰ ਨਾਲ ਸਿੱਖਿਆ ਇਨੀ ਜ਼ਿਆਦਾ ਮਹਿੰਗੀ ਹੋ ਜਾਵੇਗੀ ਕਿ ਹਰ ਆਮ ਦੀ ਪਹੁੰਚ ਤੋਂ ਦੂਰ ਦੀ ਗੱਲ ਹੋਵੇਗੀ। ਸਿੱਟਾ ਇਹ ਨਿਕਲੇਗਾ ਕਿ ਅਨਪੜ੍ਹਤਾ ਵਿਚ ਵਾਧਾ ਹੋਵੇਗਾ। ਸਮਾਜ ਦਾ ਵਿਸ਼ੇਸ਼ ਵਰਗ ਜਿਹੜਾ ਆਰਥਿਕ ਅਤੇ ਸਮਾਜਿਕ ਪੱਖੋਂ ਪੱਛੜਿਆਂ ਹੋਵੇਗਾ ਉਹ ਆਪਣੇ ਬੱਚਿਆਂ ਨੂੰ ਕਿਹੜੇ ਸਾਧਨਾਂ ਦੁਆਰਾ ਇਹਨਾਂ ਸਕੂਲਾਂ ਵਿਚ ਸਿੱਖਿਆ ਦਾ ਪ੍ਰਬੰਧ ਕਰ ਸਕਦਾ ਹੈ। ਅਜਿਹੇ ਲੋਕਾਂ ਲਈ ਸਿੱਖਿਆ ਸੁਪਨਾ ਬਣ ਕੇ ਰਹਿ ਜਾਵੇਗੀ।

ix. **ਸਿੱਖਿਆ ਦਾ ਸਰਵਵਿਆਪੀਕਰਨ ਸੰਭਵ ਨਹੀਂ–** ਸਿੱਖਆ ਦਾ ਸਰਵਵਿਆਪੀਕਰਨ ਸਰਕਾਰ ਦਾ ਮੁੱਖ ਟੀਚਾ ਹੈ ਪਰ ਨਿੱਜੀਕਰਨ ਨਾਲ ਇਹ ਟੀਚਾ ਪ੍ਰਾਪਤ ਕਰਨਾ ਸੰਭਵ ਨਹੀਂ ਕਿਉਂਕਿ ਇਸ ਨਾਲ ਸਿੱਖਿਆ ਮਹਿੰਗੀ ਹੋ

ਜਾਵੇਗੀ। ਜਿਸ ਨਾਲ ਖਾਸ ਵਰਗਾ ਦਾ ਹੀ ਇਸ 'ਤੇ ਅਧਿਕਾਰ ਹੋ ਜਾਵੇਗਾ। ਸਿੱਟੇ ਵੱਜੋਂ ਸਿੱਖਿਆ ਦੇ ਸਰਵਵਿਆਪੀਕਰਨ ਵਿਚ ਇਕ ਵੱਡੀ ਰੁਕਾਵਟ ਆ ਜਾਵੇਗੀ।

### 2.5.6 ਸਿੱਖਿਆ ਦੇ ਨਿੱਜੀਕਰਨ 'ਤੇ ਵਿਸ਼ਲੇਸ਼ਣ

ਉਪਰੋਕਤ ਵਿਚ ਅਸੀਂ ਸਿੱਖਿਆ ਦੇ ਨਿਜੀਕਰਨ ਨਾਲ ਪੈਣ ਵਾਲੇ ਸਕਾਰਾਤਮਕ ਅਤੇ ਨਕਾਰਾਤਮਕ ਪ੍ਰਭਾਵਾਂ ਬਾਰੇ ਵਿਸਥਾਰ ਚਰਚਾ ਕਰਕੇ ਆਏ ਹਾਂ। ਵਿਸ਼ਲੇਸ਼ਣ ਵਿਚ ਕਿਹਾ ਜਾ ਸਕਦਾ ਹੈ ਕਿ ਭਾਰਤ ਵਰਗੇ ਵੱਡੇ ਲੋਕਤੰਤਰੀ ਦੇਸ਼ ਵਿਚ ਨਾ ਤਾਂ ਨਿੱਜੀ ਖੇਤਰ ਅਤੇ ਨਾ ਹੀ ਜਨਤਕ ਖੇਤਰ ਇਕੱਲੇ ਸਿੱਖਿਆ ਦਾ ਪ੍ਰਬੰਧ ਕਰ ਸਕਦੇ ਹਨ। ਭਾਰਤ ਅਮਰੀਕਾ ਜਾਂ ਚੀਨ ਵਾਂਗ ਵਿਕਸਿਤ ਦੇਸ਼ ਨਾ ਹੋ ਕੇ ਵਿਕਾਸਸ਼ੀਲ ਦੇਸ਼ ਹੈ ਅਤੇ ਇੱਥੋਂ ਦੇ ਹਾਲਾਤ ਨੂੰ ਦੇਖਦੇ ਹੋਏ ਇਸ ਗੱਲ ਦੀ ਲੋੜ ਹੈ ਕਿ ਸਿੱਖਿਆ ਵਿਚ ਸਮਾਨਤਾ ਲਿਆਈ ਜਾਵੇ। ਸਿੱਖਿਆ ਕਿਸੇ ਵੀ ਦੇਸ਼ ਲਈ ਮਨੁੱਖੀ ਸਰੋਤ ਵਜੋਂ ਕੰਮ ਕਰਦੀ ਹੈ, ਜਿਸ ਨਾਲ ਕਿਸੇ ਵਿਅਕਤੀ ਵਿਸ਼ੇਸ਼ ਨੂੰ ਲਾਭ ਨਹੀਂ ਹੁੰਦਾ, ਸਗੋਂ ਸਮੁੱਚਾ ਰਾਸ਼ਟਰ ਇਸ ਨਾਲ ਖੁਸ਼ਹਾਲ ਹੁੰਦਾ ਹੈ। ਜੇਕਰ ਅਸੀਂ ਵਿਕਾਸਸ਼ੀਲ ਦੇਸ਼ ਤੋਂ ਵਿਕਸਿਤ ਦੇਸ਼ ਬਣਨਾ ਚਾਹੁੰਦੇ ਹਾਂ ਤਾਂ ਸਾਨੂੰ ਸਿੱਖਿਆ ਵੱਲ ਢੁਕਵਾਂ ਧਿਆਨ ਦੇਣਾ ਪਵੇਗਾ। ਸਰਕਾਰ ਇਸ ਜ਼ਿੰਮੇਵਾਰੀ ਦਾ ਨਿਰਵਾਹ ਕਰੇ ਕਿ ਦੇਸ਼ ਦੇ ਹਰੇਕ ਨਾਗਰਿਕ ਨੂੰ ਉਨ੍ਹੀ ਸਿੱਖਿਆ ਜ਼ਰੂਰ ਮਿਲੇ ਜਿੰਨੀ ਉਹ ਚਾਹੁੰਦਾ ਹੈ। ਜੇਕਰ ਨਿੱਜੀਕਰਨ ਇਸ ਤਰ੍ਹਾਂ ਦੀ ਸਥਿਤੀ ਬਣਾ ਸਕਦੀ ਹੈ ਤਾਂ ਇਹ ਵਿਚਾਰਨਯੋਗ ਹੋ ਸਕਦੀ ਹੈ। ਉਹ ਮੁਲਕ ਕਦੇ ਵੀ ਤਰੱਕੀ ਨਹੀਂ ਕਰ ਸਕਦਾ ਜਿਸ ਦੇਸ਼ ਦੇ ਨਾਗਰਿਕਾਂ ਨੂੰ ਆਪਣੀ ਪੂਰੀ ਯੋਗਤਾ ਦਿਖਾਉਣ ਦਾ ਮੌਕਾ ਨਾ ਮਿਲਦਾ ਹੋਵੇ। ਭਾਰਤ ਦੇਸ਼ ਨੂੰ ਅੱਜ ਲੋੜ ਹੈ ਕਿ ਉਸਦੇ ਨਾਗਰਿਕ ਦੇਸ਼ ਵਿਕਾਸ ਵਿਚ ਬਣਦੀ ਭੂਮਿਕਾ ਨਿਭਾਉਣ। ਕਿਸੇ ਵਿਦਵਾਨ ਨੇ ਸਹੀ ਕਿਹਾ ਹੈ, "ਭਾਰਤ ਵਰਗੇ ਦੇਸ਼ ਵਿਚ ਨਿੱਜੀ ਅਤੇ ਜਨਤਕ ਖੇਤਰ ਦੇ ਸਹਿ-ਹੋਂਦ ਦੀ ਲੋੜ ਹੈ ਜਿਸ ਨਾਲ ਭਲਾਈ ਦੇ ਨਾਲ ਵਾਧਾ ਵੀ ਪ੍ਰਾਪਤ ਕੀਤਾ ਜਾ ਸਕੇ। ਇਸ ਤਰ੍ਹਾਂ ਸਰਕਾਰ ਨੂੰ ਆਪਣਾ ਮੁੱਖ ਟੀਚਾ ਕੇਂਦਰ-ਬਿੰਦੂ ਵਿਚ ਰੱਖ ਕੇ ਵਿਆਪਕ ਕਦਮ ਚੁੱਕਣੇ ਚਾਹੀਦੇ ਹਨ, ਉਹ ਚਾਹੇ ਨਿੱਜੀਕਰਨ ਦੀ ਹੋਵੇ ਜਾਂ ਜਨਤਕ ਖੇਤਰ ਦੀ, ਮੁਕੰਮਲ ਸਿੱਖਿਆ ਦਾ ਸਰਵਵਿਆਪੀਕਰਨ ਹੋਣਾ ਚਾਹੀਦਾ ਹੈ।

### 2.5.7 ਸੁਝਾਏ ਪ੍ਰਸ਼ਨ

1. ਨਿੱਜੀਕਰਨ ਤੋਂ ਤੁਹਾਡਾ ਕੀ ਭਾਵ ਹੈ? ਇਸ ਦੀ ਲੋੜ ਅਤੇ ਮਹੱਤਤਾ ਅਤੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਚਰਚਾ ਕਰੋ।
2. ਨਿੱਜੀਕਰਨ ਤੇ ਸਿੱਖਿਆ ਦਾ ਸਕਾਰਾਤਮਕ ਅਤੇ ਨਕਾਰਾਤਮਕ ਪ੍ਰਭਾਵਾਂ ਦਾ ਵਰਣਨ ਕਰੋ।

### 2.5.8 ਸੁਝਾਈਆਂ ਪੁਸਤਕਾਂ

1. ਰਾਜ ਕੁਮਾਰ ਖੰਨਾ ਤੇ ਇੰਦਰਜੀਤ ਕੌਰ - ਭਾਰਤ ਵਿੱਚ ਸਿੱਖਿਆ ਪ੍ਰਣਾਲੀ ਦਾ ਵਿਕਾਸ।
2. ਇੰਦਰਦੇਵ ਸਿੰਘ ਨੰਦਰਾਂ ਅਤੇ ਮੋਨਿਕਾ- ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ।
3. ਡਾ. ਜੇ. ਐਸ. ਵਾਲੀਆ- ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ।